# ਅੰਮ੍ਰਿਤ ਕੀਰਤਨ

ਜੂਨ 2003

# Amrit Kirtan





ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ
ਅੰਕ 6 ◆ ਸਾਲ ਪੰਦਰਵਾਂ ◆ ਜੂਨ 2003

ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਾਇਕ ਸੰਪਾਦਕ (ਆਨਰੇਰੀ)
**ਡਾ. ਗੁਰਮੀਤ ਸਿੰਘ ਬੈਦਵਾਣ**, ਐਮ.ਏ., ਪੀ.ਐਚ.ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/8/90 ਮਿਤੀ 20/2/91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

▲ Donations are eligible for relief u/s 80 G of Income-Tax Act, 1961 vide CIT/ CHD/ Tech./ 80-G/ 911 dated 23/05/2002 valid upto 31/ 03/2004

**ਚੰਦੇ ਦਾ ਵੇਰਵਾ**

▲ ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.

▲ ਵਿਦੇਸ਼: ਸਲਾਨਾ 30 $, ਜੀਵਨ ਮੈਂਬਰ 300 $

▲ 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।

**ਚਿੱਠੀ ਪੱਤਰ ਲਈ ਪਤਾ**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
1246/1, ਸੈਕਟਰ 22-ਬੀ, ਚੰਡੀਗੜ੍ਹ 160 022
ਫੋਨ : 0172-701396, 713915

**ਰਚਨਾਵਾਂ ਭੇਜਣ ਲਈ ਪਤਾ**
ਸੰਪਾਦਕ, 'ਅੰਮ੍ਰਿਤ ਕੀਰਤਨ'
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-772660

e-mail: drjagirsingh@rediffmail.com

**ਮਿਤ੍ਰ ਅਸਾਡੜੇ ਸੇਈ** 2
*ਪਾਠਕਾਂ ਦੇ ਪੱਤਰ*

**ਕਰਉ ਬੇਨੰਤੀਆ** 5
*ਸੰਪਾਦਕੀ*

**ਕਿਛੁ ਹਾਥਿ ਕਿਸੈ ਦੈ ਕਿਛੁ ਨਾਹੀ ਸਭਿ ਚਲਹਿ ਚਲਾਏ** 7
*ਭਗਵੰਤ ਸਿੰਘ ਦਲਾਵਰੀ*

**ਤਬਲਾ ਵਾਦਕ ਭਾਈ ਬਲਦੇਵ ਸਿੰਘ ਯੂ. ਕੇ.** 9
*ਗੁਰਜੰਤ ਸਿੰਘ ਰਾਹੀਂ*

**ਸਿੱਖੀ ਦਾ ਮਹਿਲ ਕਿਵੇਂ ਬਣੇ** 11
*ਰਮੇਸ਼ ਸਿੰਘ*

**ਪੰਜਾਬੀ ਯੂਨੀਵਰਸਿਟੀ ਵਿਖੇ ਗੁਰਮਤਿ ਸੰਗੀਤ...** 14
*ਪ੍ਰੋ. ਕਰਤਾਰ ਸਿੰਘ*

**ਪੁਸਤਕ ਸਮੀਖਿਆ** 15
*ਡਾ. ਗੁਰਮੀਤ ਸਿੰਘ ਬੈਦਵਾਣ*

**घरानों में शैली का स्थान एवं महत्व** 17
*मीना चोपड़ा*

**Guru Nanak Dev's Concept . . .** 20
*Joginder Singh*

**ਸਵਰ ਲਿਪੀ ਵੇਰਵਾ** 22
*ਹਰਿਭਜਨ ਸਿੰਘ*

**ਸੁਰ ਲਿਪੀਆਂ** 24
*ਉਤਮ ਸਿੰਘ*

**ਸੁਰ ਲਿਪੀ ਵਾਲੇ ਸ਼ਬਦਾਂ ਦੇ ਅਰਥ** 25
*ਮਨਮੋਹਨ ਸਿੰਘ*

**ਆਓ ਕੁਝ ਕਰੀਏ** 28
*ਕੁਲਦੀਪ ਸਿੰਘ*

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

COMPUTER TYPE SETTING
sohal specials
Designers & Printers
Phone: 0172 - 391443

# ਮਿਤ੍ਰ ਅਸਾਡੜੇ ਸੇਈ

♦ ਗੁਰਮਤਿ ਸੰਗੀਤ ਦੇ ਖੇਤਰ ਵਿਚ ਕੇਂਦਰੀ ਸੰਗੀਤ ਨਾਟਕ ਅਕਾਦਮੀ ਵਲੋਂ ਐਵਾਰਡ ਮਿਲਣ 'ਤੇ ਹਾਰਦਿਕ ਵਧਾਈ। ਇਹ ਤੁਹਾਡੇ ਨਾਲ ਪੂਰੇ ਪੰਜਾਬ ਦਾ, ਪੰਜਾਬ ਦੀ ਇਸ ਮਹਾਨ ਪਰੰਪਰਾ ਅਤੇ ਇਸਦੇ ਸਾਰੇ ਅਨੁਯਾਈਆਂ ਦਾ ਵੀ ਸਨਮਾਨ ਹੈ। ਤੁਸੀਂ ਨਿਰੰਤਰ ਇਸ ਖੇਤਰ ਵਿਚ ਸਰਗਰਮ ਹੋ ਅਤੇ ਅਸੀਂ ਤੁਹਾਡੇ ਤੋਂ ਬਹੁਤ ਸਾਰਾ ਬਲ ਅਤੇ ਪ੍ਰੇਰਣਾ ਹਾਸਲ ਕਰਦੇ ਰਹਿੰਦੇ ਹਾਂ।

ਅੰਮ੍ਰਿਤ ਕੀਰਤਨ ਦੀ ਬਾਕੀ ਸਮੱਗਰੀ ਪੜ੍ਹਨ ਤੋਂ ਪਹਿਲਾਂ ਮੈਂ ਸਦਾ 'ਕਰਉ ਬੇਨੰਤੀਆ' ਵਾਲਾ ਸਫਾ ਪੜ੍ਹਦੀ ਹਾਂ, ਜਿਸ ਤੋਂ ਹਮੇਸ਼ਾ ਹੀ ਕੁਝ ਨਾ ਕੁਝ ਸਿੱਖਣ ਲਈ ਪ੍ਰਾਪਤ ਹੁੰਦਾ ਹੈ। ਸ਼ਾਲਾ ਇਸ ਪਰਚੇ ਦਾ ਸਫ਼ਰ ਇਸੇ ਤਰ੍ਹਾਂ ਚੱਲਦਾ ਰਹੇ।

*- ਡਾ. ਨਿਵੇਦਿਤਾ ਸਿੰਘ*
*ਲੈਕਚਰਾਰ, ਸੰਗੀਤ ਵਿਭਾਗ,*
*ਪੰਜਾਬੀ ਯੂਨੀਵਰਸਿਟੀ, ਪਟਿਆਲਾ*

♦ ਆਪ ਜੀ ਨੂੰ ਜੋ ਸੰਗੀਤ ਨਾਟਕ ਅਕਾਡਮੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਹੈ, ਉਸ ਨੂੰ ਸੁਣ ਕਿ ਮੈਨੂੰ ਬਹੁਤ ਹੀ ਪ੍ਰਸੰਨਤਾ ਹੋਈ ਹੈ। ਤੁਸੀਂ ਜਿਥੇ ਸੰਗੀਤ ਦੇ ਖੇਤਰ ਵਿਚ ਆਪਣਾ ਨਾਮ ਪੈਦਾ ਕੀਤਾ ਹੈ ਉਥੇ ਗੁਰਮਤਿ ਕਾਲਜ ਦੇ ਪੁਰਾਣੇ ਵਿਦਿਆਰਥੀ ਹੋਣ ਨਾਤੇ ਇਸ ਕਾਲਜ ਨੂੰ ਵੀ ਉਚਾ ਕੀਤਾ ਹੈ। ਸਾਨੂੰ ਸਭ ਨੂੰ ਆਪ ਜੀ ਤੇ ਮਾਣ ਅਤੇ ਫਕਰ ਹੈ। ਅਸੀਂ ਵਾਹਿਗੁਰੂ ਅੱਗੇ ਅਰਦਾਸ ਕਰਦੇ ਹਾਂ ਕਿ ਤੁਸੀਂ ਆਪਣੇ ਜੀਵਨ ਵਿਚ ਵਧ ਤੋਂ ਵਧ ਪ੍ਰਾਪਤੀਆਂ ਕਰੋ।

ਮੈ ਇਕ ਵਾਰੀ ਫਿਰ ਤੁਹਾਨੂੰ ਇਸ ਸਨਮਾਨ ਦੀ ਪ੍ਰਾਪਤੀ ਲਈ ਵਧਾਈ ਦਿੰਦਾ ਹਾਂ ਤੇ ਇਸ 'ਤੇ ਡੂੰਘੀ ਖੁਸ਼ੀ ਪ੍ਰਗਟ ਕਰਦਾ ਹਾਂ।

*- ਪ੍ਰਿੰਸੀਪਲ ਸਵਰਨਜੀਤ ਸਿੰਘ*
*ਡੇਰਾ ਬਾਬਾ ਜੱਸਾ ਸਿੰਘ, ਗੁਰਮਤਿ ਕਾਲਜ*
*ਪਟਿਆਲਾ*

♦ ਆਪ ਜੀ ਅਤੇ ਸ੍ਰਬਤ ਪ੍ਰੀਵਾਰ ਨੂੰ ਲੱਖ ਲੱਖ ਵਧਾਈ ਹੋਵੇ ਜੀ ਜੋ ਕਿ ਆਪ ਜੀ ਨੂੰ "ਕੇਂਦਰੀ ਸੰਗੀਤ ਨਾਟਕ ਅਕੈਡਮੀ ਪੁਰਸਕਾਰ" ਨਾਲ ਨਿਵਾਜਿਆ ਹੈ।

ਇਹ ਹੋਰ ਵੀ ਖੁਸ਼ੀ ਅਤੇ ਸਾਡੇ ਸਾਰਿਆਂ ਲਈ ਮਾਣ ਹੈ ਕਿ ਆਪ ਜੀ ਪਹਿਲੇ ਵਿਦਵਾਨ ਹੋ ਜਿਨ੍ਹਾਂ ਨੂੰ ਗੁਰਬਾਣੀ ਕੀਰਤਨ ਪ੍ਰਣਾਲੀ ਵਿਚ ਉਘੇ ਯੋਗਦਾਨ ਲਈ ਅਕੈਡਮੀ ਦੇ ਪ੍ਰਥਮ ਐਵਾਰਡ ਲਈ ਚੁਣਿਆ ਗਿਆ ਹੈ। ਆਪ ਜੀ ਇਸ ਬਹੁਮੁੱਲੇ ਸਨਮਾਨ ਦੀ ਸਹੀ ਹੱਕਦਾਰ ਹੋ ਕਿਉਂਕਿ ਆਪ ਜੀ ਨੇ ਸਾਰੀ ਜ਼ਿੰਦਗੀ ਗੁਰਬਾਣੀ ਸੰਗੀਤ ਦੀ ਵੱਡਮੁੱਲੀ ਸੇਵਾ ਕੀਤੀ ਹੈ। ਇਹ ਸੁਨਹਿਰੀ ਹੁਨਰ ਆਪ ਜੀ ਨੂੰ ਆਪਣੇ ਪਿਤਾ ਜੀ ਪਾਸੋਂ ਵਿਰਾਸਤ ਵਿਚ ਮਿਲਿਆ ਸੀ ਅਤੇ ਨਾਲ ਹੀ ਕਲਾਸੀਕਲ ਸੰਗੀਤ ਦੇ ਪ੍ਰਸਿੱਧ ਗਾਇਕ ਤੇ ਵਿਦਵਾਨ ਤੇ ਪ੍ਰੋ. ਯਸਪਾਲ ਜੀ (ਸਾਬਿਕ ਮੁਖੀ ਮਿਊਜ਼ਿਕ ਵਿਭਾਗ, ਪੰਜਾਬ ਯੂਨੀਵਰਸਿਟੀ) ਦੀ ਸਰਪ੍ਰਸਤੀ ਹੇਠ ਕੰਮ ਕਰਨ ਦਾ ਅਵਸਰ ਮਿਲਿਆ ਅਤੇ ਇਥੇ ਬਸ ਨਹੀਂ, ਆਪ ਜੀ ਆਪਣੀ ਸਰਕਾਰੀ ਜਿੰਮੇਵਾਰੀਆਂ (ਬਤੌਰ ਡਿਪਟੀ ਡਾਇਰੈਕਟਰ ਪੰਜਾਬ ਸਕੂਲਜ ਐਜੂਕੇਸ਼ਨ ਬੋਰਡ) ਦੇ ਨਾਲ ਨਾਲ ਆਪ ਜੀ 'ਅੰਮ੍ਰਿਤ ਕੀਰਤਨ' (ਮਾਸਿਕ ਮੈਗਜੀਨ) ਦੇ ਬਾਨੀ ਸੰਪਾਦਕ ਵਜੋਂ ਦੁਨੀਆਂ ਭਰ ਦੇ ਗੁਰੂ ਘਰ ਤੇ ਪ੍ਰੇਮੀਆਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਰਧਾਲੂਆਂ ਦੀ ਅਨਥਕ ਸੇਵਾ ਕਰ ਰਹੇ ਹੋ। ਆਪ ਜੀ ਨੂੰ ਵਾਹਿਗੁਰੂ ਸਿਹਤ ਅਤੇ ਲੰਬੀ ਉਮਰ ਬਖਸ਼ੇ! ਤਾਂ ਕਿ ਇਹ ਸੇਵਾ ਕਰਦੇ ਰਹੋ! ਆਪ ਜੀ ਕੋਲ ਗੁਰਬਾਣੀ ਕੀਰਤਨ ਪ੍ਰਣਾਲੀ ਵਿਚ ਡਾਕਟਰੇਟ ਦੀ ਉਚ ਡਿਗਰੀ ਵੀ ਹੈ, ਇਨ੍ਹਾਂ ਸਭ ਪ੍ਰਾਪਤੀਆਂ ਕਾਰਨ ਆਪ ਜੀ ਨੂੰ ਇਕ ਸਮਰੱਥ ਕੀਰਤਨਕਾਰ ਦੇ ਹੋਣ ਦਾ ਦਰਜਾ ਦਿੱਤਾ। ਇਹ ਦਾਸ ਆਪ ਜੀ ਵਰਗੀ ਮਹਾਨ ਸ਼ਖ਼ਸੀਅਤ ਦਾ ਇਕ ਨਿਮਾਣਾ ਜਿਹਾ ਸ਼ਾਗਿਰਦ ਹੋਣਾ ਆਪਣੇ ਆਪ ਨੂੰ ਭਾਗਾਂ ਵਾਲਾ ਸਮਝਦਾ ਹੈ ਅਤੇ ਆਪ ਜੀ ਦੀ ਸਰਪ੍ਰਸਤੀ ਹੇਠਾਂ ਗੁਰਬਾਣੀ ਕੀਰਤਨ ਅਤੇ ਸੰਗੀਤ ਵਿਚ ਉਚੀਆਂ ਪ੍ਰਾਪਤੀਆਂ ਵਾਹਿਗੁਰੂ ਦੀ ਕ੍ਰਿਪਾ ਸਦਕਾ, ਪ੍ਰਾਪਤ ਕਰੇਗਾ, ਆਪ ਜੀ ਦੇ ਭੇਜੇ ਹੋਏ ਸ. ਜਸਪਾਲ ਸਿੰਘ

ਜੀ ਦਾਸ ਨੂੰ, ਸਹੀ ਸਿਖਿਆ ਪ੍ਰਦਾਨ ਕਰ ਰਹੇ ਹਨ। ਵਧਾਈਆਂ ਸਮੇਤ ਆਪ ਜੀ ਦਾ ਸ਼ਾਗਿਰਦ ਤੇ ਦਾਸ।

*- ਡਾ. ਤੇਜਪਾਲ ਸਿੰਘ ਚਾਵਲਾ*

*1363, ਸੈਕਟਰ 40-ਬੀ, ਚੰਡੀਗੜ੍ਹ*

♦ 'ਕਰਉ ਬੇਨੰਤੀਆ' ਡਾ. ਜਾਗੀਰ ਸਿੰਘ ਜੀ ਦੀ ਤਹਰੀਰ ਅਤੇ ਡਾਕਟਰ ਸਾਹਿਬ ਨੂੰ ਸੰਗੀਤ ਨਾਟਕ ਅਕੈਡਮੀ ਦਿੱਲੀ ਵੱਲੋਂ ਅਵਾਰਡ ਮਿਲਣ ਲੱਖ ਲੱਖ ਵਧਾਈ ਹੋਵੇ। ਪ੍ਰੋ. ਨਰਿੰਦਰ ਸਿੰਘ ਮੁਹਾਲੀ ਵੱਲੋਂ ਲੇਖ ਸਾਡਾ ਵਿਰਸਾ ਧਿਆਨ ਧਰ ਕਿ ਖਾਲਸਾ ਜੀ ਵਾਹਿਗੁਰੂ, ਮਨਮੋਹਨ ਸਿੰਘ ਦੀ ਪੁਸਤਕ ਅਗੰਮ ਅਗੋਚਰ ਵਿਚਲੀ ਕਵਿਤਾ ਚਾਨਣ ਦੀਆਂ ਇੱਟਾਂ, ਬਬਲੀ ਐਸ ਸਿੰਘ ਵੱਲੋਂ ਕਿਸ ਪਹਿ ਖੋਹਲੂੰ ਗੰਠੜੀ ਲੇਖ, ਕੰਠ ਸਾਧਨਾ ਲੇਖ ਗੁਰਕੰਵਲ ਕੌਰ ਚੰਡੀਗੜ੍ਹ ਬੇਹੱਦ ਪਸੰਦ ਆਇਆ ਜੋ ਕਿ ਹਰ ਇਕ ਸਿਖਿਆਰਥੀ ਲਈ ਜਰੂਰੀ ਸ਼ਬਦਾਂ ਨਾਲ ਭਰਭੂਰ ਲੇਖ ਸੀ, ਸੋਹਣ ਸਿੰਘ ਚੰਡੀਗੜ੍ਹ ਵੱਲੋਂ ਖਾਲਸਾ ਪੰਥ ਅਗਾਜ ਅਤੇ ਸੰਪੂਰਨਤਾ ਲੇਖ, ਕਰਤਾਰ ਸਿੰਘ ਨਾਮਧਾਰੀ ਚੰਡੀਗੜ੍ਹ ਵੱਲੋਂ ਲੇਖ ਗੁਰ ਕੈ ਗ੍ਰਹਿ ਸੇਵਕ, ਗੁਰਮੰਤ ਸਿੰਘ ਰਾਹੀ ਸੰਗਰੂਰ ਵੱਲੋਂ 21ਵਾਂ ਭਾਈ ਮਰਦਾਨਾ ਯਾਦਗਾਰੀ ਕੀਰਤਨ ਦਰਬਾਰ ਬਾਰੇ ਰਿਪੋਰਟਰ ਬੇਹੱਦ ਪਸੰਦ ਆਈ, ਜੁਗਿੰਦਰ ਸਿੰਘ ਦਿੱਲੀ ਦਾ ਲੇਖ ਗੁਰੂ ਨਾਨਕ ਦੇਵ ਜੀ ਬਾਰੇ ਲੇਖ, ਰਾਗ ਆਸਾ ਵਿਚ ਤਿੰਨ ਤਾਲ ਦੀ ਬੰਦਸ਼ ਅਤੇ ਦੀਪ ਚੰਦ ਵਿਚ ਰਾਗ ਆਸਾ ਦੀ ਬੰਦਸ਼ ਵੱਲੋਂ ਜਵੱਦੀ ਟਕਸਾਲ ਲੁਧਿਆਣਾ ਅਤੇ ਆਓ ਕੁਝ ਕਰੀਏ ਵੱਲੋਂ ਸ੍ਰ. ਕੁਲਦੀਪ ਸਿੰਘ ਜੀ ਨੂੰ ਨਿਊਯਾਰਕ ਵਾਲੇ ਜੋ ਬਾਹਰਲੇ ਦੇਸਾਂ ਅਤੇ ਇੰਡੀਆਂ ਵਿਚ ਧਾਰਮਿਕ ਸੰਸਥਾਵਾਂ ਕਾਇਮ ਕਰਕੇ ਸਿੱਖੀ ਦਾ ਪ੍ਰਚਾਰ ਕਰਨਾ ਚਾਹੁੰਦੇ ਹਨ। ਇਹ ਬਹੁਤ ਹੀ ਚੰਗੀ ਗੱਲ ਹੈ ਦਾਸ ਇਹਨਾਂ ਦੇ ਇਸ ਕਾਰਜ ਕੀ ਬਹਤ ਸ਼ਲਾਘਾ ਕਰਦਾ ਹੈ ਅਤੇ ਜਿੰਨਾਂ ਹੋ ਸਕਿਆ ਸਹਿਯੋਗ ਦੇਣਾ ਚਾਹੁੰਦਾ ਹੈ ਵੱਧ ਤੋਂ ਵੱਧ ਅੰਮ੍ਰਿਤਧਾਰੀ ਸਿੰਘਾਂ ਤੇ ਸਿੰਘਣੀਆਂ ਅਤੇ ਸਿੱਖ ਸੁਸਾਇਟੀਆਂ ਦੇ ਨਾਮ ਫੋਨ ਤੇ ਪੂਰਾ ਪਤਾ ਲਿਖ ਕੇ ਜਲਦੀ ਭੇਜ ਰਿਹਾ ਹੈ। ਮਾਫ ਕਰਨਾ ਪੰਜਾਬ ਵਿਚ ਕੁਝ ਧਾਰਮਿਕ ਸੰਸਥਾਵਾਂ ਐਸੀਆਂ ਹਨ ਜੋ ਪੈਸੇ ਵਾਲੇ ਸਿੱਖਾਂ ਨੂੰ ਚੰਗਾ ਸਮਝਦੀਆਂ ਹਨ ਉਹਨਾਂ ਨੂੰ ਗੁਰੂ ਨਾਲ ਕੋਈ ਪ੍ਰੇਮ ਪਿਆਰ ਨਹੀ ਹੈ ਜੋ ਰੱਜੇ ਨੂੰ ਰਜਾਉਂਦੇ ਹਨ ਭੁੱਖੇ ਦੀ ਕੋਈ ਬਾਤ ਨਹੀਂ ਪੁੱਛਦਾ ਗੁਰੂ ਸਾਹਿਬ ਤਾਂ ਗਰੀਬ ਨਿਵਾਜ ਸਨ ਪਰ ਅੱਜ ਕੱਲ ਦੇ ਸਿੱਖ ਅਮੀਰ ਨਿਵਾਜ ਹਨ ਜੇਕਰ ਇਨ੍ਹਾਂ ਨੇ ਮੇਰੇ ਵਰਗੇ ਗਰੀਬ ਬੰਦਿਆਂ ਨੂੰ ਸਹਿਯੋਗ ਨਾ ਦਿੱਤਾ ਤਾਂ ਸਿੱਖ ਕੌਮ ਦੀ ਢਹਿੰਦੀ ਕਲਾ ਹੋ ਜਾਵੇਗੀ। ਸਰਦਾਰ ਕੁਲਦੀਪ ਸਿੰਘ ਜੀ ਬਹੁਤ ਹੀ ਮਿਹਨਤੀ ਅਤੇ ਸਿੱਖੀ ਦਾ ਪ੍ਰਚਾਰ ਕਰਨ ਵਾਲੇ ਵਿਅਕਤੀ ਹਨ ਇਨ੍ਹਾਂ ਨੂੰ ਵਧ ਤੋਂ ਵਧ ਸਹਿਯੋਗ ਦਿੱਤਾ ਜਾਵੇ। ਭਾਈ ਹਰਚਰਨ ਸਿੰਘ ਫਕਰ ਪਟਿਆਲਾ ਵਾਲੇ ਸੁਰਗਵਾਸ ਹੋ ਗਏ ਸਨ ਗੁਰਮਤਿ ਰਾਗੀ ਸਭਾ ਮਲੋਟ ਵੱਲੋਂ ਉਨ੍ਹਾਂ ਦੀ ਆਤਮਿਕ ਸਾਤੀ ਲਈ ਸ਼ੋਕ ਸਭਾ ਕੀਤੀ ਗਈ ਪ੍ਰਮਾਤਮਾ ਉਨ੍ਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ।

*- ਪ੍ਰੋ. ਮੰਗਤ ਸਿੰਘ ਮਸਤਾਨਾ*

C/o *ਅਸ਼ੋਕਾ ਰਿਫਰੈਸ਼ਮੈਂਟ ਮੰਡੀ ਹਰਜੀਰਾਮ ਮਲੋਟ (ਮੁਕਤਸਰ)*

♦ ਵਾਹਿਗੁਰੂ ਜੀ ਆਪ ਦੇ, ਆਪ ਦੇ ਘਰ-ਪਰਿਵਾਰ ਤੇ ਕਾਰ-ਵਿਹਾਰ ਲਈ ਸਦਾ ਸਹਾਈ ਹੋਣ ਅਤੇ ਸਤਿਗੁਰੂ ਜੀ ਹਮੇਸ਼ਾਂ ਅੰਗ-ਸੰਗ ਰਹਿਣ। ਰਾਸ਼ਟਰੀ ਸੰਗੀਤ ਨਾਟਕ ਅਕਾਡਮੀ ਵਲੋਂ ਮਿਲਿਆ ਬੜਾ ਹੱਕੀ ਇਨਾਮ ਤੇ ਸਨਮਾਨ ਆਪ ਜੀ ਨੂੰ ਤੇ ਆਪ ਜੀ ਦੇ ਸਮੂਹ ਪਰਿਵਾਰ ਨੂੰ ਮੁਬਾਰਕ ਹੋਵੇ, ਸੁਭਾਗਾ ਅਤੇ ਸੁਹੰਢਣਾ ਹੋਵੇ। ਅਕਾਲ ਪੁਰਖ ਨੇ ਆਪ ਦੀ ਘਾਲ ਥਾਇ ਪਾਈ ਹੈ। ਇਹ ਜਾਣ ਕੇ ਬਹੁਤ ਖੁਸ਼ੀ ਹੋਈ ਹੈ ਤੇ ਹੋ ਰਹੀ ਹੈ। ਅਰਦਾਸ ਹੈ ਕਿ ਉਹ ਆਪ ਜੀ ਇਉਂ ਹੀ ਨਿਵਾਜਦੇ ਰਹਿਣ, ਚੜ੍ਹਦੀ ਕਲਾ ਵਿਚ ਵਿਚਰਾਉਂਦੇ ਅਤੇ ਮਾਣ-ਤਾਣ ਵਧਾਉਂਦੇ ਹੀ ਰਹਿਣ। ਦੇਸ-ਕੌਮ, ਸਾਹਿਤ-ਸੰਗੀਤ ਤੇ ਸਭਿਆਚਾਰ ਆਦਿ ਦੀ ਨਿਗਰ ਤੇ ਉਸਾਰੂ ਸੇਵਾ ਲਈ ਨਿਤ ਉਮਾਹੁੰਦੇ ਤੇ ਉਤਸ਼ਾਹੁੰਦੇ ਰਹਿਣ।

*- ਡਾ. ਹਰਨਾਮ ਸਿੰਘ ਸ਼ਾਨ*

*605, ਸੈਕਟਰ 16-ਡੀ, ਚੰਡੀਗੜ੍ਹ*

♦ ਸ਼ਾਇਦ ਇਹ ਪਹਿਲਾ ਮੌਕਾ ਹੈ ਕਿ ਸੰਗੀਤ ਨਾਟਕ ਅਕੈਡਮੀ ਨੇ ਕਿਸੇ ਗੁਰਬਾਣੀ ਕੀਰਤਨ ਦੇ ਗਾਇਕ ਨੂੰ ਸਨਮਾਨਤ ਕਰਨ ਦਾ ਫੈਸਲਾ ਲਿਆ ਹੈ। ਅਕੈਡਮੀ ਦੇ ਚੇਅਰਮੈਨ ਤੇ ਗਵਰਨਿੰਗ ਕੌਂਸਲ ਦੇ ਮੈਂਬਰ ਵੀ ਵਧਾਈ ਦੇ ਪਾਤਰ ਹਨ ਜਿਨ੍ਹਾਂ ਨੇ ਐਸਾ ਇਤਿਹਾਸਕ ਫੈਸਲਾ ਲੈ ਕੇ ਜਿੱਥੇ ਇਕ ਸੁਲਝੇ ਹੋਏ ਗੁਰਬਾਣੀ ਗਾਇਕ ਡਾਕਟਰ ਜਗੀਰ ਸਿੰਘ ਨੂੰ ਉਚ ਸਨਮਾਨ

ਨਾਲ ਨਿਵਾਜਿਆ ਹੈ ਉਥੇ ਬਾਣੀ ਦੇ ਰਚਨਾਹਾਰ ਗੁਰੂ ਸਾਹਿਬਾਨ ਪ੍ਰਤੀ ਇਕ ਸ਼ਰਧਾ ਤੇ ਅਕੀਦਤ ਦਾ ਪ੍ਰਗਟਾਵਾ ਕੀਤਾ ਹੈ। ਪੰਜਾਬ ਸਕੂਲ ਐਜੂਕੇਸ਼ਨ ਬੋਰਡ ਵਿਚ ਗੁਰਮਤਿ ਸੰਗੀਤ ਨੂੰ +2 ਤੱਕ ਸਲੇਬਸ ਤਿਆਰ ਕਰਵਾ ਦੇ ਵਿਸ਼ਾ ਲਾਗੂ ਕਰਨ ਵਿਚ ਡਾਕਟਰ ਸਾਹਿਬ ਦਾ ਉੱਤਮ ਸ਼ਲਾਘਾਯੋਗ ਯਤਨ ਸੀ। ਗੁਰਮਤਿ ਸੰਗੀਤ ਅਕੈਡਮੀ ਸ੍ਰੀ ਅਨੰਦਪੁਰ ਸਾਹਿਬ ਦੇ ਵਿਦਿਆਰਥੀ ਸਟਾਫ ਤੇ ਦਾਸ ਅਸੀਂ ਸਭ ਡਾਕਟਰ ਜਾਗੀਰ ਸਿੰਘ ਜੀ ਨੂੰ ਇਸ ਸਨਮਾਨ ਦੀ ਪ੍ਰਾਪਤੀ ਲਈ ਹਾਰਦਿਕ ਖੁਸ਼ੀ ਦਾ ਪ੍ਰਗਟਾਵਾ ਕਰਦੇ ਹੋਇ ਵਧਾਈ ਦਿੰਦੇ ਹਾਂ।

*- ਪ੍ਰੋ. ਕਰਤਾਰ ਸਿੰਘ*
*ਗੁਰਮਤਿ ਸੰਗੀਤ ਅਕੈਡਮੀ,*
*ਸ੍ਰੀ ਅਨੰਦਪੁਰ ਸਾਹਿਬ, ਰੋਪੜ*

♦ आपको एकाडमी के एवार्ड के लिए बधाई हो। आपको वाहेगुरु सेहत बख्शे। अमृत कीर्तन में बबली एस सिंह के विचार पढ़े। मैं उनके विचारों से सहमत हूँ।

*– कुलवंत सिंह*
*RZ-4B, रवि नगर एक्स, धर्मपुरी, नई दिल्ली-18*

♦ It gave us a great pleasure to learn about the honour bestowed on you by Akal Purukh Waheguru, through the medium of Sahitya Academy (Central) in the category of Gurbani Kirtan. By doing so, the Sahitya Academy has honoured itself. There is an added pleasure to realise that you are the first one to receive this distinction. Well Done!

We also hope and pray that you are fully recovered from the aftereffects of the 'Accident'.

***- Maj. Gen. Gurbakhsh Singh,*** AVSM
*497, Sector: 15-A, Chandigarh*

♦ Greatings to your services for Gurbani.

I rejoiced extermely and hugely having read in the English Tribune, March 31, 2003- "Dr. Jagir Singh gets Prestigious Award".

Really it's a matter of much pleasure that the national Sangeet Academy has comferred on your goodself its first award after coming into existence. The Academy has righty and justifiedly choiced Dr. Jagir Singh, the most deserving candidate. You have rendered a lot of service to Gurbani Kirtan. As such, how far you could have been ignored? It would have been not exaggration if I state that you have surrered (dedicated) yourself completely to Gurbani Kirtan. You might have remembered that, perhaps, in the last year I had written your goodself that you deseve Prestigeous Award for your service done for Gurbani while Shromani committee is asleep some one is quite awake. You now please acknowledge a bundle of congratulations and felicitations which I have extended to your goodself from the very core of my heart. May more awards and rewards skim your holy feet.

***- Prof. Chanan Singh Nirmal***
*Head Post Graduate Punjabi Dept.*
*SDAM College, Dinanagar (Gurdaspur)*

♦ Please accept my heartiest congratulation for the Sangeet Natak Academy award given to you by the center Govt.

***- P. S. Padam***
*Gurmat Sangeet Academy (SGPC),*
*Anandpur Sahib, Ropar*

## ਕੁਝ ਸਹਿਣਾ ਕੁਝ ਭੁੱਲਣਾ ਸਿੱਖੋ

ਅੱਜਕੱਲ੍ਹ ਹਰ ਵਿਅਕਤੀ ਕਿਸੇ ਨਾ ਕਿਸੇ ਪ੍ਰਕਾਰ ਦੇ ਤਣਾਓ ਵਿੱਚ ਗ੍ਰਸਤ ਹੈ। ਪਹਿਲਾਂ ਪਹਿਲਾਂ ਇਹ ਅਵਸਥਾ ਸਧਾਰਨ ਜਾਪਦੀ ਹੈ ਪਰ ਹੌਲੀ ਹੌਲੀ ਇਹ ਇਕ ਵੱਡੀ ਬਿਮਾਰੀ ਦਾ ਰੂਪ ਧਾਰਨ ਕਰ ਲੈਂਦੀ ਹੈ। ਇਸ ਸਮੱਸਿਆ ਲਈ ਹਸਪਤਾਲਾਂ ਵਿੱਚ ਵੱਖਰੇ ਵਿਭਾਗ ਖੋਹਲੇ ਜਾ ਰਹੇ ਹਨ। ਪਰ ਸਧਾਰਨ ਪੱਧਰ ਤੇ ਤਣਾਓ ਤੋਂ ਮੁਕਤੀ ਪਾਉਣ ਲਈ ਅਨੇਕਾਂ ਪੁਸਤਕਾਂ ਰਚੀਆਂ ਜਾ ਰਹੀਆਂ ਹਨ।

ਪੁਰਾਤਨ ਸਾਹਿਤ ਨੂੰ ਵਾਚਣ ਤੇ ਪਤਾ ਲੱਗਦਾ ਹੈ ਕਿ ਇਹ ਸਮੱਸਿਆ ਆਦਿ ਕਾਲ ਤੋਂ ਰਹੀ ਹੈ ਭਾਵੇਂ ਇਸ ਦੇ ਰੂਪ ਵੱਖਰੇ ਸਨ। ਅੱਜ ਕਲ੍ਹ ਇੱਕ ਪੁਸਤਕ ਪੜ੍ਹ ਰਿਹਾ ਹਾਂ:-

<u>Enlightened Management</u>

Thransforming yourself - And then your team - For Maximum success.

<u>Writer</u>

Dona witton with Akong Tulku Renpoche.

ਇਸ ਪੁਸਤਕ ਵਿੱਚ ਵਿਅਕਤੀਗਤ ਪਰਿਵਾਰਕ, ਕਾਰੋਬਾਰੀ ਖੇਤਰਾਂ ਵਿੱਚ ਤਣਾਓ ਤੋਂ ਮੁਕਤੀ ਪ੍ਰਾਪਤ ਕਰਨ ਅਤੇ ਸਫਲਤਾ ਪ੍ਰਾਪਤ ਕਰਨ ਦੇ ਤਰੀਕੇ ਦੱਸੇ ਹਨ। ਇਹ ਸਾਰੇ ਜਤਨ ਵਿਅਕਤੀ ਉੱਤੇ ਕੇਂਦਰਿਤ ਹਨ। ਇਸ ਪੁਸਤਕ ਵਿੱਚ ਦੋ ਬੋਧੀ ਕਥਾਵਾਂ ਦਾ ਹਵਾਲਾ ਦਿੱਤਾ ਹੈ। ਇਹ ਕਥਾਵਾਂ ਮੈਨੂੰ ਸਦਾ ਹੀ ਸੰਮੋਹਿਤ ਕਰਦੀਆਂ ਹਨ। ਇਹਨਾਂ ਕਥਾਵਾਂ ਨੂੰ ਹੀ ਤੁਹਾਡੇ ਨਾਲ ਸਾਂਝਾ ਕਰ ਰਿਹਾ ਹਾਂ।

- ਇਕ ਰਾਜਾ ਸੀ। ਆਪਣੇ ਮਹਿਲਾਂ ਵਿੱਚ ਰਹਿੰਦਿਆਂ ਉਹਨੂੰ ਹਰ ਸਹੂਲਤ ਪ੍ਰਾਪਤ ਸੀ। ਕਦੀ ਬਾਹਰ ਨਿਕਲਿਆ ਨਹੀਂ ਸੀ। ਇਕ ਦਿਨ ਉਸ ਦਾ ਮਨ ਬਾਹਰ ਦੀ ਦੁਨੀਆਂ ਵੇਖਣ ਨੂੰ ਕੀਤਾ। ਅਜੇ ਉਹ ਮਹਿਲਾਂ ਤੋਂ ਥੋੜੀ ਦੂਰ ਹੀ ਗਿਆ ਸੀ ਕਿ ਉਸ ਦੇ ਪੈਰ ਵਿਚ ਕੰਡਾ ਲੱਗ ਗਿਆ। ਬੜਾ ਦਰਦ ਹੋਇਆ। ਉਸਨੇ ਆਪਣੇ ਸਿਆਣੇ ਵਜ਼ੀਰਾਂ ਨੂੰ ਬੁਲਾ ਕੇ ਇਸ ਸਮੱਸਿਆ ਦੇ ਹੱਲ ਬਾਰੇ ਪੁੱਛਿਆ। ਕਿਸੇ ਨੇ ਕਿਹਾ- ਜਦੋਂ ਵੀ ਮਹਾਰਾਜ ਨੇ ਬਾਹਰ ਜਾਣਾ ਹੋਵੇ ਉਸ ਸਾਰੇ ਰਸਤੇ ਤੇ ਸਫਾਈ ਹੋ ਜਾਵੇ।

ਕੋਈ ਬੋਲਿਆ ਇਸ ਨਾਲ ਤਾਂ ਧੂੜ ਉੱਡੇਗੀ। ਇੱਕ ਕਹਿਣ

ਲੱਗਾ ਉਹਨਾਂ ਰਸਤਿਆਂ ਉੱਤੇ ਚਮੜਾ ਵਿਛਾ ਦਿੱਤਾ ਜਾਵੇ। ਇਤਨੇ ਨੂੰ ਇੱਕ ਮੋਚੀ ਆਇਆ ਉਸਨੇ ਮਹਾਰਾਜੇ ਨੂੰ ਇੱਕ ਜੁੱਤੀਆਂ ਦਾ ਜੋੜਾ ਪੇਸ਼ ਕੀਤਾ ਤੇ ਕਿਹਾ ਮਹਾਰਾਜ ਤੁਸੀਂ ਇਹ ਜੁੱਤੀ ਆਪਣੇ ਪੈਰਾਂ ਵਿੱਚ ਪਾ ਲਓ।

ਫਿਰ ਤੁਹਾਨੂੰ ਕੰਡੇ ਤੰਗ ਨਹੀਂ ਕਰਨਗੇਂ।"

ਜਦੋਂ ਵੀ ਅਸੀਂ ਆਪਣੀ ਨਿਜੀ ਦੁਨੀਆਂ ਤੋਂ ਬਾਹਰ ਨਿਕਲਦੇ ਹਾਂ ਤਾਂ ਸਾਡਾ ਵਾਹ ਐਸੀਆਂ ਪ੍ਰਸਥਿਤੀਆਂ ਨਾਲ ਪੈਂਦਾ ਹੈ ਜਿਹੜੀਆਂ ਰਾਹ ਦੇ ਕੰਡਿਆਂ ਵਾਂਗ ਹੁੰਦੀਆਂ ਹਨ। ਅਸੀਂ ਸਾਰੀਆਂ ਪ੍ਰਸਥਿਤੀਆਂ ਨੂੰ ਆਪਣੇ ਅਨੁਕੂਲ ਨਹੀਂ ਬਣਾ ਸਕਦੇ ਇਸ ਲਈ ਸਹਿਣ ਸ਼ਕਤੀ ਰੂਪੀ ਜੁਤੀਆਂ ਆਪਣੇ ਮਨ ਨੂੰ ਪੁਆ ਕੇ ਅਸੀਂ ਬਾਹਰਲੀ ਦੁਨੀਆਂ ਵਿੱਚ ਕੁਝ ਸੌਖਿਆ ਵਿਚਰ ਸਕਦੇ ਹਾਂ।

ਦੂਜੀ ਕਥਾ ਇਸ ਪ੍ਰਕਾਰ ਹੈਃ-

ਦੋ ਨੌਜਵਾਨ ਭਿਕਸ਼ੂ ਕਿਧਰੇ ਜਾ ਰਹੇ ਸਨ। ਰਾਹ ਵਿੱਚ ਇੱਕ ਨਦੀ ਸੀ। ਨਦੀ ਦੇ ਕਿਨਾਰੇ ਸੁੰਦਰ ਬਸਤਰ ਪਹਿਨੀ ਇੱਕ ਮੁਟਿਆਰ ਖੜੀ ਸੀ। ਉਹ ਖੁਦ ਨਦੀ ਪਾਰ ਨਹੀਂ ਸੀ ਕਰਨਾ ਚਾਹੁੰਦੀ ਉਹਨੂੰ ਡਰ ਸੀ ਕਿ ਨਦੀ ਦੇ ਪਾਣੀ ਨਾਲ ਉਸ ਦੇ ਕੱਪੜੇ ਖਰਾਬ ਹੋ ਜਾਣਗੇ। ਉਹਨੇ ਭਿਕਸ਼ੂਆਂ ਨੂੰ ਬੇਨਤੀ ਕੀਤੀ ਕਿ ਉਹ ਉਸ ਨੂੰ ਚੁਕ ਕੇ ਨਦੀ ਪਾਰ ਕਰਵਾ ਦੇਣ। ਇੱਕ ਭਿਕਸ਼ੂ ਨੇ ਇਨਕਾਰ ਕਰ ਦਿੱਤਾ ਪਰ ਦੂਜੇ ਨੇ ਉਸ ਨੂੰ ਚੁੱਕ ਕੇ ਨਦੀ ਪਾਰ ਕਰਵਾ ਦਿੱਤੀ।

ਜਦੋਂ ਨਦੀ ਤੋਂ ਕਾਫੀ ਦੂਰ ਆ ਗਏ ਤਾਂ ਇਨਕਾਰ ਕਰਨ ਵਾਲੇ ਭਿਕਸ਼ੂ ਨੇ ਦੂਜੇ ਨੂੰ ਕਿਹਾ," ਤੂੰ ਅੱਜ ਬੜੀ ਅਵੱਗਿਆ ਕੀਤੀ ਹੈ। ਆਪਾਂ ਨੂੰ ਤਾਂ ਔਰਤ ਦੇ ਨੇੜੇ ਜਾਣਾ ਵੀ ਮਨ੍ਹਾ ਹੈ ਤੇ ਤੂੰ ਤਾਂ ਉਸ ਨੂੰ ਚੁੱਕ ਕੇ ਨਦੀ ਪਾਰ ਕਰਵਾਈ ਹੈ।"

ਦੂਜਾ ਭਿਕਸ਼ੂ ਬੋਲਿਆ, "ਬੰਧੂ! ਮੈ ਤਾਂ ਉਸ ਔਰਤ ਨੂੰ ਪਰਲੇ ਕੰਢੇ ਤੋਂ ਚੁੱਕਿਆ ਤੇ ਉਰਲੇ ਕੰਢੇ ਛੱਡ ਆਇਆ ਹਾਂ। ਪਰ ਤੂੰ ਤਾਂ ਅਜੇ ਵੀ ਉਸ ਨੂੰ ਚੁੱਕੀ ਫਿਰਦਾ ਹੈਂ।"

ਇਸ ਤਰ੍ਹਾਂ ਕਈ ਵਾਰ ਅਸੀਂ ਭੂਤਕਾਲ ਦੀਆਂ ਭੈੜੀਆਂ ਯਾਦਾਂ ਹਰ ਵੇਲੇ ਨਾਲ ਚੁੱਕੀ ਫਿਰਦੇ ਦੁਖੀ ਹੁੰਦੇ ਰਹਿੰਦੇ ਹਾਂ। ਉਹਨਾਂ ਨੂੰ ਭੁਲਣਾ ਹੀ ਚੰਗਾ ਹੁੰਦਾ ਹੈ।

ਸੋ ਬਹੁਤੀਆਂ ਚਿੰਤਾਵਾਂ ਸਹਿਣ ਅਤੇ ਭੁਲਣ ਦੀ ਆਦਤ ਕਾਰਨ ਦੂਰ ਹੋ ਸਕਦੀਆਂ ਹਨ।

# ਕਿਛੁ ਹਾਥਿ ਕਿਸੈ ਦੈ ਕਿਛੁ ਨਾਹੀ ਸਭਿ ਚਲਹਿ ਚਲਾਏ


**ਭਗਵੰਤ ਸਿੰਘ ਦਲਾਵਰੀ**

ਤਪੋਵਨ ਅਮਰਾਵਤੀ 444 602
(ਮਹਾਰਾਸ਼ਟਰਾ)


ਵੇਖੋ ਸਾਹਿਬ ਕਿਵੇਂ ਆਪਣੀ ਹਜ਼ੂਰੀ ਪਰਗਟ ਕਰਦੇ ਹਨ ਤੇ ਬੰਦਾ ਮਜਬੂਰ ਹੋ ਜਾਂਦਾ ਹੈ ਇਹ ਸੋਚਣ ਲਈ ਕਿ ਪ੍ਰਭੂ ਦੇ ਨਾਂ ਵਿਚ ਲੀਨ ਹੋਣਾ ਇਕ ਵੱਡੀ ਰਹਿਮਤ ਹੈ ਨਾ ਕਿ ਇਹ ਕਿਸੇ ਦੀ ਕੋਸ਼ਿਸ਼ ਕਰਕੇ ਹੋਇਆ ਹੈ। ਇਥੇ ਤਪੋਵਨ (ਅਮਰਾਵਤੀ) ਆਸ਼ਰਮ ਵਿਚ ਮੈਂ ਇੱਕਲਾ ਸਿੱਖ ਹਾਂ, ਮੇਰਾ ਜੀ ਕਰਦਾ ਹੈ ਜਦ ਅੰਮ੍ਰਿਤ ਵੇਲੇ ਹਰਮੰਦਰ ਸਾਹਿਬ ਤੋਂ ਰੇਡੀਓ ਰਾਹੀਂ ਕੀਰਤਨ ਸੁਣਾ ਤਾਂ ਮਨ ਇਤਨਾ ਦ੍ਰਵ ਜਾਏ ਕਿ ਮੈਂ ਆਪਣਾ ਆਪ ਭੁਲ ਕੇ ਗੁਰੂ ਚਰਨਾਂ ਵਿਚ ਜੁੜ ਜਾਵਾਂ ਪਰ ਗੁਰੂ ਦੀ ਮਰਜ਼ੀ ਚਲਦੀ ਹੈ। ਚਾਰ ਦਿਨ ਹੋ ਗਏ ਹਨ, ਪਹਿਲੇ ਦਿਨ ਬਾਰਿਸ਼ ਕਰਕੇ ਰੇਡੀਓ ਵਿਚ ਇਤਨੀ ਖੜਖੜ ਸੀ ਕਿ ਕੁਝ ਸਮਝ ਹੀ ਨਾ ਆਇਆ, ਪਰ ਦੂਜੇ - ਤੀਜੇ ਦਿਨ ਮੈਂ ਮਨ ਨੂੰ ਬਥੇਰਾ ਕਾਬੂ ਕਰ ਕੇ ਸ਼ਬਦਾਂ ਵਿਚ ਜੋੜ ਸ਼ਬਦ ਰਾਹੀਂ ਪ੍ਰਭ ਦੀ ਹਜ਼ੂਰੀ ਮਾਨਣੀ ਚਾਹੀ, ਪਰ ਰਸ ਤਾਂ ਕਿਤੇ ਰਿਹਾ ਦਿਲ ਲਗਾ ਹੀ ਨਹੀ, ਮੈਂ ਉਦਾਸੀ ਵਿਚ ਸੋਚਣ ਲੱਗਾ।

ਕਿਵੇਂ ਬੰਦਾ ਸਮਝ ਲੈਂਦਾ ਹੈ ਕਿ ਗੁਰੂ ਨਾਲ ਮੈਂ ਜੁੜਿਆ ਹੋਇਆ ਹਾਂ ਤੇ ਹੁਣ ਉਹ ਨਹੀ ਵਿਛੋੜੇਗਾ ਕਿਉਂਕਿ ਉਹਦਾ ਆਪਣਾ ਬਿਰਦ ਹੈ:

*ਮੈ ਨਾਲਹੁ ਕਦੇ ਨਾ ਵਿਛੁੜੈ...*

(ਪੰਨਾ 1101-2)

*ਅਉਗਣੁ ਕੋ ਨ ਚਿਤਾਰਦਾ...*

ਤਿੰਨ ਦਿਨ ਹੋ ਗਏ ਤਾਂ ਦਿਲ ਘਬਰਾਣ ਲੱਗਾ। ਕਿਉਂਕਿ ਸ਼ਾਮ ਦੇ ਵਕਤ ਪੇਸ਼ੇਂਟਸ ਨਾਲ ਕੁਝ ਸ਼ਬਦ, ਭਜਨ ਪੜ੍ਹਨ ਦੇ ਇਲਾਵਾ ਇਥੇ ਸਾਧ ਸੰਗਤ ਨਹੀਂ ਮਿਲਦੀ ਤੇ ਮੈਂ ਸਾਧਸੰਗਤ ਦੇ ਵਿਛੋੜੇ ਕਰਕੇ ਹੋਰ ਉਦਾਸ ਹੋ ਗਇਆ। ਮੇਰੇ ਨਾਲ ਦਿੱਲੀ ਤੋਂ ਮੇਰੀ ਤਾਮਿਲ ਨੇਤ੍ਰਹੀਣ ਬੇਟੀ ਤੇ ਇਕ ਹੋਰ ਬੱਚੀ ਆਈਆਂ ਹਨ। ਉਨ੍ਹਾਂ ਨਾਲ ਰਲ ਕੇ ਚੌਥੇ ਦਿਨ ਆਪ ਕੀਰਤਨ ਕੀਤਾ ਤੇ ਮਿੰਨਤਾਂ ਕਰਨ ਲੱਗਾ:

1. *ਸਾਜਨ ਦੇਸਿ ਵਿਦੇਸੀਅੜੇ ਸਾਨੇਹੜੇ ਦੇਦੀ॥*

(ਪੰਨਾ 1111)

2. *ਮੋਹਨ ਘਰਿ ਆਵਹੁ ਕਰਉ ਜੋਦੜੀਆ॥*

(ਪੰਨਾ 1209)

ਪਰ ਮੇਰੇ ਮਨ ਵਿਚ ਨਾ ਰਸ ਉਪਜਿਆ ਤੇ ਨਾ ਤੜਪਨ ਦੇ ਅਥਰੂ ਜਿਹੜੇ ਗੁਰੂ ਦੀ ਮਿਹਰ ਲੈ ਆਉਣ, ਮੈਂ ਹੋਰ ਦੁਖੀ ਹੋਇਆ। ਫਿਰ ਸੋਚਣ ਲੱਗਾ ਸ਼ਾਇਦ ਮੇਰੀ ਆਕੜ ਤੇ ਮੇਰੀ self assurance ਨੇ ਮੈਨੂੰ ਖਰਾਬ ਕੀਤਾ ਹੈ, ਮੇਰੀਆਂ ਜੋਦੜੀਆਂ ਵਿਚ ਦਮ ਨਹੀਂ। ਬੰਦਾ ਸਮਝ ਲੈਂਦਾ ਹੈ ਕਿ ਪ੍ਰਭੂ ਪਿਆਰ ਦੀ ਤਿਆਰੀ ਦੀ ਲੋੜ ਨਹੀਂ, ਉਹ ਤਾਂ ਹੁਣ ਆਪਣਾ ਬਣ ਹੀ ਗਇਆ ਹੈ। ਜਦ ਮੈਂ ਚੰਗਾ ਨਿਮੋਝੂਣ ਹੋ ਗਿਆ ਤੇ ਮਨ ਦੀ ਉਦਾਸੀ ਅਥਰੂਆਂ ਰਾਹੀਂ ਵਗਣ ਲੱਗੀ ਤਾਂ ਮੇਰੇ ਮਨ ਨੇ ਸੋਚਿਆ ਅੰਮ੍ਰਿਤ ਕੀਰਤਨ ਪੋਥੀ ਲੈ ਕੇ ਬੈਰਾ[illegible] ਵਾ[illegible]ੇ ਪ੍ਰਕਰਣ ਵਿਚੋਂ ਆਪਣੀਆਂ ਚੀਜਾਂ [illegible]। ਦੂਜੇ ਦਿਨ ਅੰਮ੍ਰਿਤ ਵੇਲੇ ਤਬੀਅਤ ਖਰਾਬ ਹੋਣ ਕਰਕੇ ਉਠਣਾ ਹੀ ਮੁਸ਼ਕਲ ਹੋ ਗਿਆ ਪਰ ਜਬਰਦਸਤੀ ਇਸ਼ਨਾਨ ਕੀਤਾ, ਫੇਰ ਵੀ ਨੀਂਦ ਦੀ ਖੁਮਾਰੀ ਤੇ ਕਮਜ਼ੋਰੀ ਨੇ ਘੇਰ ਲਿਆ। ਅਗਲੇ ਦਿਨ ਗੁਰ ਨੂੰ ਤਰਸ ਆਇਆ ਤੇ ਅੰਮ੍ਰਿਤ ਵਲੇ ਰੰ[illegible] ਗਿਆ।

ਗੁਰੂ ਰਾਮਦਾਸ ਜੀ ਦਾ ਸ਼ਬਦ

*ਅੰਤਰਿ ਪਿਰੀ ਪਿਆਰੁ*
*ਕਿਉ ਪਿਰ ਬਿਨੁ ਜੀਵੀਐ ਰਾਮ॥*

(ਪੰਨਾ 1113)

ਪੜ੍ਹਨਾ ਸ਼ੁਰੂ ਕੀਤਾ ਤੇ ਮਨ ਨੂੰ ਗੁਰੂ ਚਰਨਾਂ ਵਿਚ ਮਿੰਨਤਾਂ ਲੈ ਕੇ ਅਰਪਣ ਕੀਤਾ, ਨੈਣਾਂ ਵਿਚੋਂ ਅੰਮ੍ਰਿਤਰਸ ਚੋਣ ਲੱਗਾ। ਸਾਰਾ ਸ਼ਬਦ ਨਹੀਂ ਲਿਖਦਾ ਪਰ ਅੱਗੇ ਜਾ ਕੇ ਇਸਦੇ ਦੋ ਹਿੱਸੇ ਵਿਚਾਰਦੇ ਹਾਂ। ਪਿਛਲਾ ਦੁਖ ਦੂਰ ਹੋਣ ਲੱਗਾ। ਖਿਆਲ ਆਇਆ ਤਾਂ ਹੀ ਗੁਰੂ ਸਾਹਿਬ ਕਹਿੰਦੇ ਹਨ ਇਹ ਵਿਛੋੜਾ ਸਹਿਆ ਨ ਜਾਇ। ਜਦ

ਅਥਰੂਆਂ ਦੇ ਦਰਿਆ ਵਗ ਰਹੇ ਸਨ ਤਾਂ ਅੰਦਰੋਂ ਅੰਦਰ ਗੁਰੂ ਦੀ ਹਜ਼ੂਰੀ ਪਰਗਟ ਹੋ ਕੇ ਆਪਣੇ ਚਰਨਾਂ ਨਾਲ ਜੋੜ ਰਹੀ ਸੀ। ਯਾਦ ਆਇਆ

*ਚਰਨ ਕਮਲ ਰਿਦ ਅੰਤਰਿ ਧਾਰੇ॥*
*ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ॥*

(ਪੰਨਾ 375)

ਇਹ ਕਿਆ ਖੇਡ ਹੈ, ਅੰਦਰੋਂ ਅੰਦਰ ਗੁਰੂ ਤੋਂ ਵਿਛੜ ਜਾਂਦੇ ਹਾਂ, ਅੰਦਰੋਂ ਅੰਦਰ ਉਸਨੂੰ ਤਰਸ ਆਉਂਦਾ ਹੈ, ਅੰਦਰੋਂ ਅੰਦਰ ਪ੍ਰਗਟ ਹੋ ਜਾਂਦਾ ਹੈ, ਦਿਲਾਸਾ ਦੇਂਦਾ ਹੈ ਤੇ ਫਿਰ ਉਸਦਾ ਦਿਲਾਸਾ ਕਦੇ ਮਿਟਦਾ ਨਹੀਂ। ਇਉਂ ਜਾਪਦਾ ਹੈ ਜਿਵੇਂ ਪਿਤਾ ਆਪਣੇ ਬੱਚਿਆਂ ਨਾਲ ਖੇਡਦਾ ਹੈ ਤੇ ਛੁਪ ਜਾਂਦਾ ਹੈ, ਫਿਰ "ਝਾਤ", "ਝਾਤ" ਕਹਿ ਕੇ ਪਰਗਟ ਹੋ ਜਾਂਦਾ ਹੈ ਤੇ ਬੱਚੇ ਦੇ ਮੂੰਹ ਤੇ ਮੁਸਕਰਾਹਟ ਆ ਜਾਂਦੀ ਹੈ। ਅੱਜ ਸਚਮੁੱਚ ਇੰਜ ਹਸ ਰਿਹਾ ਹਾਂ ਜਿਵੇਂ ਨਵੀਂ ਵਿਆਹੀ ਕਾਮਣ ਕਹਿ ਰਹੀ ਹੋਵੇ-"ਆਂਗਨਿ ਮੇਰੈ ਸੋਭਾ ਚੰਦ॥"

ਮੈਂ ਲਿਖਤਾਂ ਰਾਹੀਂ, ਗੁਰਮਤਿ ਵਿਚਾਰਾਂ ਕਰਦਿਆਂ ਹਮੇਸ਼ਾ ਕਹਿੰਦਾ ਹਾਂ ਪਹਿਲਾਂ ਗੁਰੂ ਦੇ ਹੁਕਮ ਨੂੰ ਨੋਟ ਕਰੀਏ, ਫਿਰ ਵਿਸ਼ਲੇਸ਼ਣ ਕਰੀਏ, ਫਿਰ ਸਮਝ ਕੇ ਜ਼ਿੰਦਗੀ ਵਿਚ ਢਾਲੀਏ, ਤਾਂ ਹੀ ਆਪਣੇ ਅੰਦਰੋਂ ਗੁਰੂ ਦੇ ਦਰਸ਼ਨ ਹੋਣਗੇ ਤੇ ਅੰਮ੍ਰਿਤ ਪੀ ਸਕਾਂਗੇ। ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਜਿਹੜਾ ਅੰਮ੍ਰਿਤ ਛਕਾ ਕੇ ਸਾਨੂੰ ਖਾਲਸਾ ਬਣਾਇਆ ਸੀ ਉਹ ਉਸੇ ਅੰਮ੍ਰਿਤ ਦੀ ਦ੍ਰਿੜਤਾ ਸੀ ਜਿਹੜਾ ਨੌਂ ਗੁਰੂ ਸਾਹਿਬਾਨਾਂ ਨੇ ਬਾਣੀ ਨਾਲ ਚਮੁਟ ਕੇ ਪਿਲਾਇਆ ਸੀ ਤੇ ਉਸ ਅੰਮ੍ਰਿਤ ਨੇ ਹੀ ਸਾਨੂੰ ਤਿਆਰ ਕੀਤਾ ਸੀ ਕਿ ਗੁਰੂ ਨੂੰ ਸਿਰ ਵੇਚ ਕੇ ਮੌਤ ਦਾ ਡਰ ਮੁਕਾ ਦੇਈਏ, ਪਰ ਅਸੀਂ ਇਸਨੂੰ ਖੇਡ ਬਣਾ ਬੈਠੇ ਹਾਂ। ਕੇਵਲ ਬਾਹਰਲੇ ਕਕਾਰ ਪਾ ਕੇ, ਬਾਣੀ ਦੇ ਰਸ ਤੋਂ ਹੀਨ ਰਹਿ ਕੇ ਤੇ ਪ੍ਰੇਮਹੀਨ ਅਵਸਥਾ ਵਿਚ ਅਸੀਂ ਗੁਰੂ ਦੇ ਨਾ ਦਰਸ਼ਨ ਕਰ ਸਕਦੇ ਹਾਂ, ਨਾ ਹੀ ਅੰਮ੍ਰਿਤ ਪੀ ਸਕਦੇ ਹਾਂ।

ਸ਼ਬਦ ਦੇ ਚਾਰ ਅੰਕ ਹਨ। ਅਖੀਰਲੇ ਦੋ ਅੰਕ ਫੇਰ ਕਦੇ ਵੀਚਾਰਾਂਗੇ ਪਰ ਦੂਸਰਾ ਅੰਕ ਇਕ ਖਾਸ ਮਸਤੀ ਦੇਂਦਾ ਹੈ। ਸਾਹਿਬ ਕਹਿੰਦੇ ਹਨ ਜਦ ਮੈਂ ਆਪਣਾ ਪਿਰ ਦੇਖਦੀ ਹਾਂ ਉਸਦੇ ਪਿਆਰ ਨਾਲ ਰਸਕ ਰਸਕ ਗੁਣਾਂ ਵਿਚ ਸਮਾ ਜਾਂਦੀ ਹਾਂ, ਦਿਲ ਕਰਦਾ ਹੈ ਅੰਦਰੋਂ ਹੀ ਨਿਤ ਨਿਤ ਉਸਦਾ ਨਾਂ ਲੈਂਦੀ ਰਹਾਂ ਚਸਕੇ ਨਾਲ ਤਾਂ ਜੋ ਮੇਰਾ ਅੰਦਰ ਖਿੜਿਆ ਰਹੇ ਕਿਉਂਕਿ ਸਮਝ ਆ ਗਈ ਹੈ ਕਿ ਜੇ ਨਾਮ ਜਪਦੀ ਰਹਾਂ ਤਾਂ ਉਹਦੀ ਮਸਤੀ ਵਿਚ ਜਾਵਾਂਗੀ ਅਤੇ ਯਕੀਨਨ ਸ਼ਬਦ ਰਾਹੀਂ ਪਾਰ ਹੋ ਜਾਵਾਂਗੀ ਤੇ ਜੇ ਦਰਸ਼ਨ ਨਾ ਹੋਏ ਤਾਂ ਕਦੇ ਵੀ ਤਸੱਲੀ ਨਹੀਂ ਹੋਵੇਗੀ। ਮਤਲਬ ਇਹ ਹੋਇਆ ਕਿ ਸ਼ਬਦ ਰਾਹੀਂ ਮਿਲਾਪ, ਅੰਦਰ ਦਾ ਬੇੜਾ, ਗੁਰੂ ਤੇ ਭਰੋਸਾ ਤੇ ਅੰਦਰ ਦਾ ਸਿਦਕ ਇਕ ਤਰ੍ਹਾਂ ਦੇ ਦਰਸ਼ਨ ਹੀ ਹਨ ਜੋ ਹਰ ਵੇਲੇ ਮਸਤੀ ਤੇ ਖੇੜਾ ਬਖਸ਼ਦੇ ਹਨ ਤਾਂ naturally ਜੀ ਕਰੇਗਾ ਕਿ ਮੈਂ ਹਰ ਵੇਲੇ ਸ਼ਬਦ ਦਾ ਸ਼ਿੰਗਾਰ ਕਰਾਂ ਤੇ ਸ਼ਬਦ ਦਾ ਸ਼ਿੰਗਾਰ ਹੈ- ਭੈ ਦਾ ਸੁਰਮਾ ਤੇ ਭਾਵਨਾ ਦਾ ਸੁਹਪਣ ਜਿਹੜਾ ਸਵਾਸ ਸਵਾਸ ਨਾਮ ਜਪਣ ਨਾਲ ਤੇ ਸਾਧਸੰਗਤ ਦੀ ਰੰਗਤ ਨਾਲ ਉਘੜੇਗਾ। ਮੰਗਤਾ ਇਕੋ ਚੀਜ਼ ਮੰਗੇ ਤੇ ਹਰ ਵੇਲੇ ਮੰਗੇ ਪ੍ਰੀਤਮ ਜੀ ਮਿਲੋ ਤੇ ਮੈਂ ਹਰ ਵੇਲੇ ਆਪਦੀ ਯਾਦ ਵਿਚ ਰਹਵਾਂ।

ਹੈ ਨਾ ਕਮਾਲ। ਅੱਜ ਮੈਂ ਵੀ ਖੇੜੇ ਵਿਚ ਹਾਂ, ਸਵਾਦ ਵਿਚ ਹਾਂ ਪਰ ਮੇਰੀ ਅਕਲ ਮਾਰੀ ਜਾਂਦੀ ਹੈ। ਮੈਂ ਸਮਝ ਲੈਂਦਾ ਹਾਂ ਕਿ ਰਸ ਲੈਣਾ ਵੀ ਮੇਰੀ ਮਿਹਨਤ ਦੇ ਅਖਤਿਆਰ ਹੈ ਯਾ ਮੈਂ ਜਦ ਚਾਹਵਾਂ ਰਸ ਮਾਣ ਸਕਦਾ ਹਾਂ। ਮੁੜ ਪਤਾ ਲੱਗਾ ਨਹੀਂ, ਨਹੀ ਇਹ ਕੇਵਲ ਤੇ ਕੇਵਲ ਬਖਸ਼ਸ਼ ਹੀ ਹੈ ਸਾਹਿਬਾਂ ਦਾ ਰੰਗ ਚਾੜ੍ਹਨਾ। ਸਾਡੀ ਕੋਈ ਕਮਾਈ, ਕੋਈ ਮਿਹਨਤ, ਕੋਈ ਕਰਮਕਾਂਡ, ਕੋਈ ਗਿਣਤੀ, ਕੋਈ ਬਾਹਰਲੀ ਕੋਸ਼ਿਸ਼ ensure ਨਹੀ ਕਰ ਸਕਦੀ ਕਿ ਸਾਨੂੰ ਰੰਗ ਚੜ੍ਹਿਆ ਰਹੇਗਾ।

ਮੈਨੂੰ ਚੇਤੇ ਆਇਆ ਗੁਰੂ ਅਮਰਦਾਸ ਜੀ ਦਾ ਸ਼ਬਦ:

*ਮਨ ਤੂੰ ਮਤ ਮਾਣ ਕਰਹਿ*
*ਜਿ ਹਉ ਕਿਛੁ ਜਾਣਦਾ,*
*ਗੁਰਮੁਖਿ ਨਿਮਾਣਾ ਹੋਹੁ॥*
*ਅੰਤਰਿ ਅਗਿਆਨ ਹਉ ਬੁਧਿ ਹੈ,*
*ਸਚਿ ਸਬਦਿ ਮਲ ਖੋਹ॥* (ਪੰਨਾ 441)

# ਤਬਲਾ ਵਾਦਕ ਭਾਈ ਬਲਦੇਵ ਸਿੰਘ ਯੂ. ਕੇ.

**ਗੁਰਜੰਤ ਸਿੰਘ ਰਾਹੀ**

ਗੁਰਮਤਿ ਸੰਗੀਤ ਵਿਦਿਆਲਿਆ
ਬੀ-367, ਸ਼ੇਖੂਪੁਰਾ, ਸੁਨਾਮੀ ਗੇਟ, ਸੰਗਰੂਰ

ਇਕ ਸੰਗੀਤ ਸੰਮੇਲਨ ਤੋਂ ਬਾਦ ਅਸੀਂ ਵੀਚਾਰ ਵਟਾਂਦਰਾ ਕਰ ਰਹੇ ਸੀ ਜਿਸ ਦਾ ਵਿਸ਼ਾ ਸੀ ਸੋਲਾਂ ਵਰ੍ਹਿਆਂ ਦੀ ਮਾਸੂਮ ਜਹੀ ਬਾਲੜੀ ਰਿੰਪਾ ਸਿਵਾ ਦਾ ਵਜਾਇਆ ਤਬਲਾ। ਮੈਨੂੰ ਯਕੀਨ ਹੀ ਨਹੀ ਸੀ ਹੋ ਰਿਹਾ ਕਿ ਜੋ ਤਬਲਾ ਅਸੀ ਸੁਣਿਐ ਉਹ ਇਸ ਬੱਚੀ ਨੇ ਵਜਾਇਆ। ਕੋਈ ਇਸਨੂੰ ਰੱਬੀ ਬਖਸ਼ਿਸ਼ ਕੋਈ ਇਲਹਾਸ ਕਿਸੇ ਨੇ ਦੂਸਰਾ ਜ਼ਾਕਿਰ ਕਿਹਾ। "ਨਹੀਂ ਇਸ ਦਾ ਢੰਗ ਉਸਤਾਦ ਅਲਤਾਫ ਹੁਸੈਨ ਤਾਫੂ ਵਰਗੈ ਉਹ ਜਿਸ ਬੋਲ ਨੂੰ ਫੜਦੇ ਉਹਦਾ ਜਾਲ ਵਿਛਾ ਦਿੰਦੇ" ਭਾਈ ਬਲਦੇਵ ਸਿੰਘ ਨੇ ਕਿਹਾ।

ਮੈ ਹੈਰਾਨ ਰਹਿ ਗਿਆ ਕਿਉਂਕਿ ਗੱਲਬਾਤ ਅਤੇ ਸ਼ਖ਼ਸੀਅਤ ਤੋਂ ਉਹ ਕੋਈ ਅਫਸਰ ਜਾਂ ਕਾਰੋਬਾਰੀ ਆਦਮੀ ਲਗਦੇ ਸਨ। ਗੱਲਬਾਤ ਦਾ ਸਿਲਸਿਲਾ ਜਾਰੀ ਰਿਹਾ ਤਾਂ ਪਤਾ ਲਗਿਆ ਭਾਈ ਸਾਹਿਬ ਇਕ ਵਧੀਆ ਤਬਲਾ ਵਾਦਕ ਹਨ। ਸੋਚਿਆ ਕਿਉਂ ਨਾ 'ਅੰਮ੍ਰਿਤ ਕੀਰਤਨ' ਦੇ ਪਾਠਕਾਂ ਨਾਲ ਵੀ ਸਾਂਝ ਕਰਵਾ ਦਿਆਂ।

ਭਾਈ ਬਲਦੇਵ ਸਿੰਘ ਦਾ ਜਨਮ ਭਾਈ ਤਰਲੋਚਨ ਸਿੰਘ ਅਤੇ ਮਾਤਾ ਮਹਿੰਦਰ ਕੌਰ ਦੇ ਘਰ ਮਕਸੂਦਪੁਰ ਵਡਾਲਾ ਜਿਲਾ ਜਲੰਧਰ ਵਿਚ ਹੋਇਆ। ਗੁਰਬਾਨੀ ਕੀਰਤਨ ਦੀ ਦਾਤ ਘਰ ਵਿਚ ਹੀ ਸੀ। ਵੱਡੇ ਭਰਾ ਭਾਈ ਦਇਆ ਸਿੰਘ ਜੀ ਚੰਗੇ ਰਾਗੀ ਸਨ। ਤਬਲੇ ਦੀ ਮੁਢਲੀ ਸਿਖਿਆ ਘਰ ਵਿਚ ਹੀ ਸ਼ੁਰੂ ਹੋਈ ਸਮਝਦਾਰੀ ਅਤੇ ਮਿਹਨਤੀ ਸੁਭਾ ਸਦਕਾ ਛੋਟੀ ਉਮਰ ਤੋਂ ਹੀ ਚੰਗਾ ਵਜਾਉਣ ਲੱਗੇ ਅਤੇ ਅੱਗੇ ਵਧਣ ਅਤੇ ਹੋਰ ਸਿਖਣ ਦੀ ਲਾਲਸਾ ਪੰਜਾਬ ਘਰਾਣੇ ਦੇ ਨਾਮੀ ਉਸਤਾਦ ਪੰਡਤ ਰਮਾਂ ਕਾਂਤ ਕੋਲ ਖਿੱਚ ਲਿਆਈ। ਗੁਣ ਗ੍ਰਹਿਣ ਬਿਰਤੀ ਦਾ ਸਦਕਾ ਉਸਤਾਦ ਤੋਂ ਜਿੱਥੇ ਕਾਇਦੇ, ਪਰਨਾ, ਰੇਲੇ, ਗਤਾਂ, ਆਦਿ ਸਿਖੀਆਂ ਉਥੇ ਤਬਲਾ ਵਾਦਨ ਸੋਲੋ ਅਤੇ ਸੰਗਤ ਕਰਨ ਦੇ ਢੰਗ ਨੂੰ ਸਮਝਿਆ ਅਤੇ ਸਿੱਖਿਆ ਕਿਉਂਕਿ ਤਾਲ ਸੰਗੀਤ ਦਾ ਧੁਰਾ ਹੈ। ਤਬਲੇ ਦੀ ਚੰਗੀ ਸੰਗਤ ਪ੍ਰੋਗਰਾਮ ਨੂੰ ਚਮਕਾ ਦਿੰਦੀ ਹੈ ਤੇ ਕਈ ਵਾਰ ਮਾੜਾ ਚੰਗੇ ਨੂੰ ਵੀ ਲੈ ਬੈਠਦੈ।

ਭਾਈ ਦਇਆ ਸਿੰਘ ਦੇ ਰਾਗੀ ਜਥੇ ਨਾਲ ਬਤੌਰ ਤਬਲਾ ਵਾਦਕ ਸੇਵਾ ਕੀਤੀ ਜਿਸ ਨਾਲ ਗੁਣੀ ਲੋਕਾਂ ਨੂੰ ਸੁਣਨ ਅਤੇ ਮਿਲਣ ਦਾ ਮੌਕਾ ਬਣਨ ਲੱਗਾ। ਇਸੇ ਦੌਰਾਨ ਤਬਲਾ ਵਾਦਕ ਸ. ਮਹਿੰਦਰ ਸਿੰਘ ਆਲ ਇੰਡੀਆ ਰੇਡੀਓ ਪਟਨਾ ਦੇ ਸੰਪਰਕ ਵਿਚ ਆਏ। ਇਨ੍ਹਾਂ ਕੋਲੋਂ ਵੀ ਸਿਖਿਆ ਜੋ ਕਿ ਬਨਾਰਸ ਘਰਾਣੇ ਨਾਲ ਸਬੰਧਤ ਸਨ। ਪੰਜਾਬ ਘਰਾਣੇ ਦੇ ਪ੍ਰੋ. ਰਣਜੀਤ ਸਿੰਘ ਜੀ ਤੋਂ ਵੀ ਸਿੱਖਿਆ। ਇਸ ਤਰਾਂ ਵਿੱਦਿਆ ਨਾਲ ਭਰਪੂਰ ਹੁੰਦੇ ਨਿਰੰਤਰ ਰਿਆਜ਼ ਦਾ ਸਦਕਾ ਚੰਗੇ ਤਬਲਾ ਵਾਦਕ ਬਣ ਗਏ। ਜਿਸ ਨਾਲ ਵੀ ਬੈਠਦੇ ਰੌਣਕ ਲਾ ਦਿੰਦੇ। ਪੰਜਾਬ ਦੇ ਨਿਹਾਲ ਸਿੰਘ ਪਖਾਵਜੀ ਪਾਸੋਂ ਸਾਥ ਸਿਖਿਆ। ਪੰਜਾਬ ਬਾਜ ਪਖਾਵਜ਼ ਬਾਜ ਹੈ। ਭਾਈ ਸਾਹਿਬ ਨੇ ਪ੍ਰਸਿੱਧ ਰਾਗੀ ਭਾਈ ਧਰਮ ਸਿੰਘ ਜ਼ਖਮੀ ਅਤੇ ਭਾਈ ਦਿਲਬਾਗ ਸਿੰਘ, ਗੁਲਬਾਗ ਸਿੰਘ ਨਾਲ ਵੀ ਤਬਲੇ ਦੀ ਸੰਗਤ ਕੀਤੀ। ਭਾਈ ਸਾਹਿਬ ਨੇ ਅੱਜ ਦੇ ਕੀਰਤਨ ਸਟਾਇਲ ਤੇ ਨਾਖੁਸ਼ੀ ਜਾਹਰ ਕਰਦਿਆਂ ਕਿਹਾ ਕਿ ਸਾਡੇ ਵੇਲੇ ਸੁਰ ਕਰਨ ਤੋਂ ਬਾਦ ਰਾਗੀ ਲਹਿਰਾ ਵਜਾਉਂਦਾ ਸਮੇਂ ਅਤੇ ਸਮਰਥਾ ਅਨੁਸਾਰ ਤਬਲਾ ਵਾਦਨ ਹੁੰਦਾ ਫੇਰ ਡੰਡਾਉਤ ਬੰਦਨਾ ਕਰਦੇ। ਬਿਲੰਬਤ ਏਕ ਤਾਲ ਜਾਂ ਝੂਮਰਾ ਠੇਕਾ ਲਾਇਆ ਜਾਂਦਾ। ਫਿਰ ਇਕ ਰਾਗ ਦਾ ਸ਼ਬਦ ਗਾਇਆ ਜਾਂਦਾ ਫਿਰ ਲਾਈਟ ਕਹਿਰਵੇ ਦਾਦਰੇ ਰੂਪਕ ਵਿਚ ਕੀਰਤਨ ਕਰਦੇ ਜਿਸ ਨਾਲ ਲਗੀਆਂ ਲੜੀਆਂ ਵਜਾਈਆਂ ਜਾਂਦੀਆਂ। ਭਾਈ ਬਲਦੇਵ ਸਿੰਘ ਅੱਜਕਲ ਇੰਗਲੈਂਡ ਦੇ ਵਿਲੀਅਨ ਹਾਲ ਸਿਟੀ ਵਿਚ

ਪੱਕੇ ਤੌਰ ਤੇ ਪ੍ਰੀਵਾਰ ਸਮੇਤ ਵਸ ਗਏ ਹਨ। ਇਨ੍ਹਾਂ ਦੀ ਜੀਵਨ ਸਾਥਣ ਬੀਬੀ ਨੀਲਮ ਰਾਣੀ ਭਾਈ ਦਿਲਬਾਗ ਸਿੰਘ ਦੀ ਲੜਕੀ ਹੈ। ਜੇ ਬਲਦੇਵ ਸਿੰਘ ਤਬਲੇ ਵਿਚ ਉਸਤਾਦ ਹਨ ਤਾਂ ਬੀਬੀ ਵੀ ਗਾਇਨ ਵਿਚ ਧੁਰੰਤਰ ਹੈ। ਇਸ ਸੰਗੀਤ ਜੋੜੀ ਦੇ ਘਰ ਰਮਿੰਦਰ ਪਾਲ ਕੌਰ ਅਤੇ ਗੁਰੂ ਨੂਰਕੌਰ ਬੱਚੀਆਂ ਬੜਾ ਸੁਰੀਲਾ ਗਾਇਨ ਕਰਦੀਆਂ ਹਨ। ਬੇਟਾ ਅਮਨਬੀਰ ਸਿੰਘ ਭਾਵੇਂ ਅਜੇ ਦੋ ਸਾਲ ਦਾ ਹੀ ਹੈ ਪਰ ਧਾ ਤਿਟ ਵਧੀਆ ਵਜਾਉਂਦਾ ਹੈ ਜਿਸ ਤੋਂ ਜਾਹਰ ਹੈ ਕਿ ਪਿਤਾ ਪੁਰਖੀ ਵਿਦਿਆ ਦੀ ਸੰਭਾਲ ਕਰੇਗਾ। ਆਪ ਭਾਈ ਮਰਦਾਨਾ ਗੁਰਮਤਿ ਸੰਗੀਤ ਵਿਦਿਆਲੇ ਰਾਹੀਂ ਗੁਰਬਾਣੀ ਸੰਗੀਤ ਅਤੇ ਤਬਲੇ ਦੀ ਸਿਖਿਆ ਦੇ ਰਹੇ ਹਨ। ਆਪ ਦੀਆਂ ਸੇਵਾਵਾਂ ਤੋਂ ਪ੍ਰਭਾਵਤ ਹੋ ਕੇ ਸਿਖ ਸੰਗਤਾਂ ਤੇ ਸੰਸਥਾਵਾਂ ਵਲੋਂ ਸਨਮਾਨਿਤ ਕੀਤਾ ਜਾ ਚੁੱਕਿਆ ਹੈ। ਪਰ ਆਪ ਹਉਮੈ ਤੋਂ ਦੂਰ ਨਿਰੰਤਰ ਅਭਿਆਸ ਵਿਚ ਮਗਨ ਹਨ। ਅਰਦਾਸ ਕਰਦੇ ਹਾਂ ਕਿ ਇਸੇ ਤਰ੍ਹਾਂ ਗੁਰਮਤਿ ਸੰਗੀਤ ਦੀ ਸੇਵਾ ਕਰਦੇ ਰਹਿਣ।

# ਸਿੱਖੀ ਦਾ ਮਹਿਲ ਕਿਵੇਂ ਬਣੇ


**ਰਮੇਸ਼ ਸਿੰਘ**

ਸੀ-131, ਸੋਨਾਰੀ ਵੈਸਟ
ਜਮਸ਼ੇਦਪੁਰ 831 011


ਸਤਿਸੰਗ ਦੌਰਾਨ ਇਕ ਸਾਖੀ ਸੁਣਾਈ ਗਈ ਜੋ ਇਸ ਗੱਲ ਦੀ ਪ੍ਰਤੀਕ ਹੈ ਕਿ ਪ੍ਰਭੂ ਦਾ ਮਹਿਲ ਅੰਦਰ ਬਨਾਣ ਲਈ ਗੁਰੂ ਅੱਗੇ ਆਪਣਾ ਆਪ ਵੇਚਣਾ ਪੈਂਦਾ ਹੈ, ਉਥੇ ਨਾ ਕਿਸੇ ਸਵਾਲ-ਜੁਆਬ ਦੀ ਗੁੰਜਾਇਸ਼ ਹੈ ਤੇ ਨਾ ਹੀ calculation (ਹਿਸਾਬ-ਕਿਤਾਬ) ਕਰਨ ਨਾਲ ਗੱਲ ਬਣਦੀ ਹੈ। ਕਹਿੰਦੇ ਹਨ ਜਦੋਂ ਮਹਿਮੂਦ ਗਜਨਵੀ ਹਿੰਦੁਸਤਾਨ ਆਇਆ ਸੀ ਤਾਂ ਬੜੀ ਲੁੱਟਮਾਰ ਮਚਾਈ; ਉਸ ਲੁੱਟਮਾਰ ਵਿਚ ਮਿਲਿਆ ਇਕ ਨੌਲੱਖਾ ਹਾਰ ਉਸਨੇ ਬੜੇ ਜੀਅ ਨਾਲ ਆਪਣੀ ਚਹੇਤੀ ਬੇਗਮ ਨੂੰ ਦਿੱਤਾ ਤੇ ਸੋਚਿਆ ਹੁਣ ਤਾਂ ਬੇਗਮ ਨਾਲ ਅੱਗੇ ਨਾਲੋਂ ਵੀ ਵੱਧ ਪਿਆਰ ਕਰੇਗੀ। ਬੇਗਮ ਪ੍ਰਭੂ ਦੀ ਪਿਆਰੀ ਸੀ, ਉਹ ਹਾਰ ਪਾ ਕੇ ਆਪਣੇ ਪੀਰ ਨੂੰ ਮਿਲਣ ਚਲੀ ਗਈ ਤੇ ਵੇਖਿਆ ਪੀਰ ਸਾਹਿਬ ਇਕ ਮਹਿਲ ਬਣਾ ਰਹੇ ਹਨ। ਪੁੱਛਣ ਤੇ ਦੱਸਿਆ 'ਬਹਿਸ਼ਤ ਮੇਂ ਮਕਾਨ ਬਨਾ ਰਹਾ ਹੂੰ।' ਕਹਿਣ ਲੱਗੀ 'ਅਬਾਜਾਨ ਮੇਰਾ ਭੀ ਬਹਿਸ਼ਤ ਮੇਂ ਮਕਾਨ ਬਨਾ ਦੋ ਨਾ।' ਪੀਰ ਜੀ ਕਹਿਣ ਲੱਗੇ, 'ਵਹਾਂ ਕੋਈ ਬੇਟੀ-ਅਬਾ ਨਹੀ ਚਲਤਾ ਅਪਨੀ ਅਪਨੀ ਕਮਾਈ ਕਰਨੀ ਪੜਤੀ ਹੈ।, ਬਹੁਤ ਜੋਰ ਦੇਣ ਤੇ ਕਹਿਣ ਲਗੇ 'ਇਸ ਕੇ ਲੀਏ। ਭਾਰੀ ਕੀਮਤ ਚੁਕਾਨੀ ਪੜਤੀ ਹੈ।' ਕਹਿਣ ਲੱਗੀ, 'ਅਬਾਜਾਨ ਆਪ ਜੋ ਕਹੋਗੇ ਮੈਂ ਦੇਨੇ ਕੋ ਤੈਯਾਰ ਹੂੰ। ਪੀਰ ਨੇ ਇਕਦਮ ਹਾਰ ਵੱਲ ਇਸ਼ਾਰਾ ਕਰ ਕੇ ਕਿਹਾ, 'ਯੇਹ ਹਾਰ ਮੁਝੇ ਦੇ ਦੋ।' ਬੇਗਮ ਨੇ ਇਕ ਪਲ ਸੋਚੇ ਬਗੈਰ ਸੁਣਦਿਆਂ ਸਾਰ ਹਾਰ ਲਾਹ ਕੇ ਪਕੜਾ ਦਿੱਤਾ। ਪੀਰ ਨੇ ਹਾਰ ਨੂੰ ਇਟ ਤੇ ਰੱਖ ਕੇ ਚੂਰ-ਚੂਰ ਕਰ ਦਿੱਤਾ ਤੇ ਕੰਧ ਵਿਚ ਪਾ ਦਿੱਤਾ ਅਤੇ ਬੇਗਮ ਦੀ ਝੋਲੀ ਵਿਚ ਕੁਝ ਗਾਰਾ ਤੇ ਇੱਟਾਂ ਦੇ ਟੁਕੜੇ ਪਾ ਦਿੱਤੇ ਤੇ ਕਿਹਾ, 'ਜਾਓ ਤੁਮ੍ਹਾਰਾ ਭੀ ਮਕਾਨ ਬਨ ਗਿਆ ਬਹਿਸ਼ਤ ਮੇਂ।' ਬੇਗਮ ਬੜੀ ਖੁਸ਼ੀ ਨਾਲ ਨੱਚਦੀ ਟਪਦੀ ਵਾਪਸ ਆਈ ਤੇ ਸੌਂ ਗਈ। ਸ਼ਾਮ ਨੂੰ ਮਹਿਮੂਦ ਗਜਨਵੀ ਆਇਆ ਇਸ ਖਿਆਲ ਨਾਲ ਕਿ ਅੱਜ ਤਾਂ ਬੇਗਮ ਬਹੁਤ ਖੁਸ਼ ਹੋਵੇਗੀ ਤੇ ਮੇਰੇ ਨਾਲ ਖੂਬ ਪਿਆਰ ਕਰੇਗੀ, ਪਰ ਜਦ ਸੁਤੀ ਵੇਖ ਨਜ਼ਰ ਗਈ ਗਰਦਨ ਵੱਲ ਤਾਂ ਵੇਖਿਆ ਹਾਰ ਗਾਇਬ ਸੀ। ਬੜੇ ਗੁੱਸੇ ਤੇ ਹੈਰਾਨੀ ਨਾਲ ਬੇਗਮ ਨੂੰ ਝਿੰਝੋੜ ਕੇ ਉਠਾਇਆ ਤੇ ਪੁੱਛਿਆ 'ਹਾਰ ਕਿਥੇ ਹੈ?' 'ਵੋਹ ਮੈਂ ਪੀਰ ਸਾਹਿਬ ਕੋ ਦੇ ਆਈ ਹੂੰ ਉਨ੍ਹਾਂ ਨੇ ਮੇਰੇ ਲੀਏ ਬਹਿਸ਼ਤ ਮੇਂ ਮਕਾਨ ਬਨਾ ਦੀਆ ਹੈ।' ਰਾਜਾ ਨੇ ਵੱਟ ਕੇ ਚਪੇੜ ਮਾਰੀ ਤੇ ਕਿਹਾ, 'ਬੇਵਕੂਫ ਬਰਬਾਦ ਕਰ ਆਈ ਮੇਰੀ ਤੋਹਫੇ ਕੋ' ਤੇ ਦੂਜੀ ਬੇਗਮ ਕੋਲ ਚਲਾ ਗਿਆ। ਰਾਤ ਸੁਤਾ ਤਾਂ ਉਸਨੂੰ ਸਪਨਾ ਆਇਆ ਵੇਖਦਾ ਕੀ ਹੈ ਕਿ ਉਹ ਬਹਿਸ਼ਤ ਵਿਚ ਸੈਰ ਕਰ ਰਿਹਾ ਹੈ ਤੇ ਸਾਮ੍ਹਣੇ ਇਕ ਵਡਾ ਮਹਿਲ ਨਜ਼ਰ ਆਇਆ ਜਿਸਤੇ ਲਿਖਿਆ ਸੀ, "ਬੇਗਮ ਮਹਿਮੂਦ ਗਜਨਵੀ ਮਹਿਲ"। ਸੋਚਿਆ ਚਲੋ ਵੇਖਦੇ ਹਾਂ ਮੇਰੀ ਬੇਗਮ ਦਾ ਮਤਲਬ ਮੇਰਾ ਹੀ ਮਹਿਲ ਹੈ। ਨੇੜੇ ਹੁੰਦਾ ਤਾਂ ਕੜਕਦੀ ਆਵਾਜ਼ ਵਿਚ ਬਾਹਰ ਬੈਠਾ ਚੌਕੀਦਾਰ ਬੋਲਿਆ, 'ਖਬਰਦਾਰ ਇਧਰ ਆਏ ਤੋ ਟਾਂਗੇ ਤੋੜ ਦੂੰਗਾ।' ਰਾਜੇ ਨੇ ਕਿਹਾ ਬੇਵਕੂਫ ਤੁਝੇ ਪਤਾ ਨਹੀਂ ਇਹ ਮੇਰੀ ਬੇਗਮ ਦਾ ਮਹਿਲ ਹੈ, ਮੈਂ ਰਾਜਾ ਹੂੰ, ਤੁਮ ਮੁਝੇ ਕੈਸੇ ਰੋਕ ਸਕਤੇ ਹੋ ਅੰਦਰ ਜਾਨੇ ਸੇ? 'ਯਹਾਂ ਕੋਈ ਬੇਗਮ-ਬਾਦਸ਼ਾਹ ਨਹੀਂ ਹੋਤਾ ਤੁਮ ਇਸ ਕੇ ਅੰਦਰ ਨਹੀ ਜਾ ਸਕਤੇ, ਮੈਂ ਤੁਮ੍ਹੇ ਦੁਬਾਰਾ ਵਾਰਨਿੰਗ ਦੇਤਾ ਹੂੰ।' ਰਾਜੇ ਨੇ ਉਸ ਦੀ ਗੱਲ ਦੀ ਪਰਵਾਹ ਨਾ ਕੀਤੀ ਤੇ ਅਗਾਂਹ ਵਧਦਾ ਗਿਆ, ਚੌਕੀਦਾਰ ਨੇ ਜ਼ੋਰ ਨਾਲ ਡੰਡਾ ਮਾਰਿਆ ਉਸਦੇ ਪੈਰਾਂ ਤੇ, ਰਾਜੇ ਦੀ ਨੀਂਦ ਖੁੱਲ੍ਹ ਗਈ। ਦੌੜਦਾ-ਦੌੜਦਾ ਪੀਰ ਕੋਲ ਗਿਆ। ਕਹਿਣ ਲੱਗਾ 'ਪੀਰ ਸਾਹਿਬ ਮੇਰਾ ਭੀ ਮਕਾਨ ਬਨਵਾ ਦੋ ਬਹਿਸ਼ਤ ਮੇਂ।' ਪੀਰ ਕਹਿਣ ਲੱਗਾ, 'ਤੇਰਾ ਨਹੀਂ ਬਨ ਸਕਤਾ ਕਿਉਂਕਿ ਤੂੰ calculation (ਹਿਸਾਬ-ਕਿਤਾਬ) ਕਰਤਾ ਹੈ,

ਯਹਾਂ calculation ਨਹੀਂ ਚਲਤੀ ਖੁਦ ਕੋ ਬੇਚਨਾ ਪੜਤਾ ਹੈ ਗੁਰੂ ਕੇ ਆਗੇ।' ਬਿਲਕੁਲ ਇਹੀ ਗੱਲ ਸਮਝਾਂਦੇ ਹਨ। ਇਨ੍ਹਾਂ ਹੁਕਮਾਂ ਰਾਹੀਂ-

*ਹਉ ਮਨੁ ਅਰਪੀ ਸਭੁ ਤਨੁ ਅਰਪੀ*
*ਅਰਪੀ ਸਭਿ ਦੇਸਾ॥*
*ਹਉ ਸਿਰੁ ਅਰਪੀ ਤਿਸੁ ਮੀਤ ਪਿਆਰੇ*
*ਜੋ ਪ੍ਰਭ ਦੇਇ ਸਦੇਸਾ॥* (ਪੰਨਾ 247)

ਮੇਰੀ ਮੁਸੀਬਤ ਇਹ ਹੈ ਕਿ ਮੈਂ ਹਰ ਵੇਲੇ ਵੇਖਦਾ ਹਾਂ ਮੈਂ ਇਤਨਾ ਪਾਠ ਕੀਤਾ; ਮੈਂ ਅੰਮ੍ਰਿਤ ਵੀ ਛਕ ਲਿਆ, ਮੈਂ ਇਤਨੀ ਸੇਵਾ ਕੀਤੀ; ਮੈਂ ਇਤਨਾ ਦਾਨ ਪੁੰਨ ਕੀਤਾ; ਇਹ ਸਭ ਕੁਝ ਕਰਨਾ ਹੈ ਪਰ ਯਾਦ ਰੱਖਣਾ ਹੈ-

*ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ*
*ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥*
(ਪੰਨਾ 167)

ਸੁ ਇਸਨੂੰ ਗੁਰੂ ਕੀ ਕਿਰਪਾ ਸਮਝ ਹਰ ਵੇਲੇ ਪ੍ਰਭੂ ਦਾ ਸ਼ੁਕਰਾਨਾ ਕਰਨਾ ਹੈ, "ਪ੍ਰਭੂ ਜੀਓ, ਅਸੀਂ ਇਸ ਲਾਇਕ ਤੇ ਨਹੀਂ ਸਾਂ, ਨਾ ਕਦੇ ਹੋ ਸਕਦੇ ਹਾਂ, ਬਸ ਆਪ ਦ ਕਿਰਪਾ ਹੈ, ਆਪ ਮੇਰੀ ਨੀਚਤਾ, ਨਾਲਾਇਕੀ, ਰੀ ਗੁਨਾਹਾਂ ਕਰਨ ਦੀ ਆਦਤ, ਮੇਰੀਆਂ ਕਮਜ਼ੋਰੀਆਂ ਤੋਂ ਮੇਰੇ ਨਾਲੋਂ ਵੀ ਵੱਧ ਚੰਗੀ ਤਰ੍ਹਾਂ ਵਾਕਿਫ਼ ਹੋ ਫਿਰ ਵੀ ਮੇਰੇ ਗਰੀਬ ਤੇ ਕਿਰਪਾ ਕਰਦੇ ਹੋ, ਮੈਂ ਵਾਰ ਵਾਰ ਆਪਦਾ ਸ਼ੁਕਰਾਨਾ ਕਰਕੇ ਵੀ ਆਪਦਾ Thanks ਨਹੀਂ ਕਰ ਸਕਦਾ, ਬਸ ਇਸੇ ਤਰ੍ਹਾਂ ਭਵਿੱਖ ਵਿਚ ਵੀ ਮੇਰੇ ਗੁਨਾਹਾਂ ਨੂੰ ਨਾ ਵੇਖਣਾ, ਮੇਰੇ ਦੋਸ਼ ਹਿਰਦੇ ਵਿਚ ਨਾ ਧਾਰਣਾ, ਬਸ

*ਸਦ ਬਖਸਿੰਦੁ ਸਦਾ ਮਿਹਰਵਾਨਾ*
*ਸਭਨਾ ਦੇਇ ਅਸਾਰੀ॥* (ਪੰਨਾ 713)

ਹੋਣ ਦਾ ਬਿਰਦ ਚਾਲਦੇ ਰਹਿਣਾ।

ਰੋਜ਼ਾਨਾ ਜੀਵਨ (Daily Life) ਵਿਚ ਗੁਰੂ ਦੇ ਹੁਕਮਾਂ ਨੂੰ ਜੀਵਨ ਵਿਚ ਕਿਵੇਂ ਢਾਲਣਾ ਹੈ ਇਸ ਬਾਰੇ ਕੁਝ ਨੁਕਤੇ ਸਤਿਸੰਗ ਦੌਰਾਨ ਸਮਝਾਏ ਗਏ ਕਿ ਸਿੱਖੀ ਦਾ ਮਹਿਲ ਬਨਾਣ ਵਿਚ ਸਹਾਈ ਹੋ ਸਕਦੇ ਹਨ ਉਨ੍ਹਾਂ ਅੰਦਰ ਕੁਝ ਹਿਦਾਇਤਾਂ ਹਨ "ਕਰਨ ਦੀਆਂ" ਤੇ ਕੁਝ ਨਾ ਕਰਨ ਦੀਆਂ",

**ਕੀ ਕਰਨਾ ਹੈ-**

1. ਹਰ ਸੁਆਸ ਵਿਚ ਪ੍ਰਭੂ ਦਾ ਨਾਮ ਜਪਣਾ ਹੈ ਅਰਥਾਤ ਪ੍ਰਭੂ ਦੀ ਯਾਦ ਸਦਾ ਬਣਾ ਕੇ ਰੱਖਣੀ ਹੈ।
2. ਮਨ ਵਿਚ ਕਦੇ ਵੀ ਕਿਸੇ ਪ੍ਰਤੀ ਹਿਰਖ, ਖਿਝ ਨਹੀਂ ਰੱਖਣੀ।
3. ਹਰ ਹਾਲ ਵਿਚ ਦੂਜੇ ਨੂੰ ਮੁਆਫ ਕਰ ਦੇਣਾ ਹੈ ਭਾਵੇਂ ਉਸਦਾ ਗੁਨਾਹ ਕਿਤਨਾ ਵੱਡਾ ਹੋਵੇ।
4. ਇਹ ਯਕੀਨ ਰੱਖੀਏ ਕਿ ਪ੍ਰਭੂ ਜੋ ਵੀ ਕਰਦੇ ਹਨ ਉਹ ਸਾਡੇ ਭਲੇ ਦਾ ਹੈ, ਸੁ ਉਸਦੇ ਭਾਣੇ ਨੂੰ ਮਿੱਠਾ ਕਰ ਕੇ ਮੰਨੀਏ, ਰੋ-ਪਿੱਟ ਕੇ ਨਹੀਂ।
5. ਹਰ ਵੇਲੇ ਪ੍ਰਭੂ ਦੀ ਹਜ਼ੂਰੀ ਵਿਚ ਰਹੀਏ ਤਾਂ ਜੋ ਕਦੇ ਕੋਈ ਗੱਲ ਕੋਈ ਕੰਮ ਗੁਰੂ ਹੁਕਮਾਂ ਤੋਂ ਉਲਟ ਨਾ ਹੋਵੇ।
6. ਯਾਦ ਰੱਖੀਏ ਅਸੀਂ ਸਦਾ ਹੀ ਪ੍ਰਭੂ ਤੇ ਨਿਰਭਰ ਹਾਂ।
7. ਅਸੀਂ ਆਪਣੇ ਕੰਮਾਂ ਨੂੰ ਕੰਟਰੋਲ ਨਹੀਂ ਕਰ ਸਕਦੇ, ਇਹ ਯਾਦ ਰਖੀਏ ਕੰਟਰੋਲ ਕੇਵਲ ਪ੍ਰਭੂ ਕਰਦਾ ਹੈ। ਸ਼ੁਕਰ ਹੈ ਪ੍ਰਭੂ ਨੇ ਇਹ ਕੰਟਰੋਲ ਆਪਣੇ ਕੋਲ ਰਖਿਆ ਹੈ।
8. ਪ੍ਰਭੂ ਹਮੇਸ਼ਾਂ ਦਇਆ ਕਰਦੇ ਹਨ, ਉਸ ਤੇ ਭਰੋਸਾ ਤੇ ਯਕੀਨ ਰਖੀਏ।
9. ਸਭ ਨਾਲ ਪਿਆਰ ਕਰੀਏ, ਸਭ ਦਾ ਸਤਿਕਾਰ ਕਰੀਏ (ਸਾਰੀ ਮਨੁਖਤਾ ਦਾ, ਸਾਰੇ ਧਰਮਾਂ ਦਾ, ਸਾਰੇ ਪੈਗੰਬਰਾਂ ਦਾ, ਸਾਰੇ ਪੂਜਾ ਤਰੀਕਿਆਂ ਦਾ) ਤੇ ਹਰ ਵੇਲੇ ਪਿਆਰ ਵੰਡੀਏ ਨਿਸ਼ਕਾਮ ਹੋ ਕੇ।
10. ਕਿਸੇ ਨੂੰ ਦੋਸ਼ ਨਾ ਦੇਈਏ, ਯਾਦ ਰਖੀਏ ਸਮਾਂ ਬਦਲਦਿਆਂ ਦੇਰ ਨਹੀਂ ਲਗਦੀ।
11. ਲੋਕਪਚਾਰਾ ਛਡੀਏ, ਉਹ ਰੀਤੀ ਰਿਵਾਜ਼ ਜੋ ਸਾਨੂੰ ਪ੍ਰਭੂ ਤੋਂ ਦੂਰ ਕਰਦੇ ਹਨ ਤਿਆਗ ਦੇਈਏ।
12. ਯਾਦ ਰਖੀਏ ਸਭ ਦੀ ਚਰਣ ਧੂੜ ਬਨਣਾ ਹੈ ਪਰ ਮਰ ਕੇ ਵੀ ਆਪਣਾ (ਅਰਥਾਤ ਗੁਰੂ ਦਾ) ਰਾਹ ਨਹੀਂ ਛਡਣਾ।

**ਕੀ ਕੁਝ ਨਹੀਂ ਕਰਨਾ-**

1. ਚਿੰਤਾ ਨਾ ਕਰੀਏ ਇਸ ਨਾਲ ਕੁਝ ਨਹੀ

ਸੰਵਰਦਾ।

2. ਕਿਸੇ ਨੂੰ ਦੋਸ਼ ਨਾ ਦੇਈਏ, ਕਿਸੇ ਦੀ ਨਿੰਦਾ ਨਾ ਕਰੀਏ। ਕਿਸੇ ਨਾਲ ਘਿਰਣਾ ਨਾ ਕਰੀਏ ਕਿਉਂਕਿ ਹਰ ਕੋਈ ਹੁਕਮ ਵਿਚ ਹੈ।
3. ਸੋਚੀ ਨਾ ਪਏ ਰਹੀਏ, ਪ੍ਰਭੂ ਸਾਡੀ ਮਦਦ ਕਰਨ ਲਈ ਕੰਮ ਕਰ ਰਹੇ ਹਨ।
4. ਇਹ ਨਾ ਸੋਚੀਏ ਅਸੀਂ ਇਕੱਲੇ ਹਾਂ ਪ੍ਰਭੂ ਹਰ ਵੇਲੇ ਸਾਡੇ ਅੰਗ ਸੰਗ ਹਨ।
5. ਨਾ ਬੀਤੇ ਸਮੇਂ ਬਾਰੇ ਨਾ ਭਵਿੱਖ ਬਾਰੇ ਚਿੰਤਾ ਕਰੀਏ, ਹਾਲ ਦੀ ਘੜੀ ਵਿਚ ਜੀਵਨ ਗੁਜਾਰੀਏ ਤੇ ਪ੍ਰਭੂ ਨੂੰ ਯਾਦ ਕਰੀਏ।
6. ਛੋਟੀਆਂ ਛੋਟੀਆਂ ਗੱਲਾਂ ਤੇ ਧਿਆਨ ਦੇ ਕੇ ਸਮਾਂ ਬਰਬਾਦ ਨਾ ਕਰੀਏ।
7. ਉਨ੍ਹਾਂ ਗੱਲਾਂ/ਕੰਮਾਂ ਤੇ ਸਮਾਂ ਜਾਇਆ ਨਾ ਕਰੀਏ ਜੋ ਸਾਡਾ ਧਿਆਨ ਪ੍ਰਭੂ ਤੋਂ ਹਟਾਦੀਆਂ ਹਨ।
8. ਨਿਰਾਸ਼ ਨਾ ਹੋਈਏ ਜੋ ਹੋ ਰਿਹਾ ਹੈ ਸਾਡੇ ਭਲੇ ਲਈ ਹੋ ਰਿਹਾ ਹੈ।
9. ਇਕ ਪਲ ਵੀ ਪ੍ਰਭੂ ਨੂੰ ਨਾ ਵਿਸਾਰੀਏ।
10. ਕਦੇ ਵੀ ਇਹ ਖਿਆਲ ਨਾ ਆਏ ਕਿ ਪ੍ਰਭੂ ਤੋਂ ਇਲਾਵਾ ਹੋਰ ਕੋਈ ਸਾਡੀ ਮੁਸੀਬਤ ਦੂਰ ਕਰ ਸਕਦਾ ਹੈ।
11. ਲੋਕਾਂ ਨੂੰ ਖੁਸ਼ ਕਰਨਾ ਬੰਦ ਕਰ ਦੇਈਏ, ਹਰ ਵੇਲੇ ਧਿਆਨ ਰਹੇ ਕਿਸੇ ਕੋਈ ਉਹ ਕੰਮ ਨਾ ਹੋ ਜਾਏ ਜੋ ਗੁਰੂ ਨੂੰ ਪਸੰਦ ਨਹੀਂ।
12. ਦੁਨੀਆਂ ਤੋਂ ਬਿਲਕੁਲ ਨਹੀਂ ਡਰਨਾ ਪਰ ਆਕੜ ਨਹੀਂ ਕਰਨੀ ਤੇ ਪ੍ਰਭੂ ਦਾ ਰਾਹ ਨਹੀਂ ਛਡਣਾ।

ਆਖਰੀ ਗੱਲ, ਜਿਵੇਂ ਭਾਈ ਗੁਰਦਾਸ ਜੀ ਸਮਝਾਂਦੇ ਹਨ, ਕੇਵਲ ਗਾਉਣ ਨਾਲ ਸੁਨਣ ਨਾਲ ਭਾਵੇਂ ਅੱਖਾਂ ਮੀਟ ਕੇ ਕਿਉਂ ਨਾ ਕਰੀਏ- ਸਿੱਖੀ ਦਾ ਮਹਿਲ ਨਹੀਂ ਬਣ ਸਕਦਾ (ਪਰਮ ਪਦਵੀ ਨਹੀਂ ਮਿਲ ਸਕਦੀ)। ਇਸ ਲਈ ਤਾਂ ਗੁਰੂ ਦੇ ਹੁਕਮਾਂ ਨੂੰ ਚੰਗੀ ਤਰ੍ਹਾਂ ਘੋਖ ਕੇ ਉਨ੍ਹਾਂ ਤੇ ਜੀਵਨ ਢਾਲਣਾ ਹੀ ਪਵੇਗਾ।

ਮੈਂ ਕਦੋਂ ਚੇਤਾਂਗਾ ਤੇ ਕਦੋਂ ਅਮਲ ਕਰ ਕੇ ਆਪਣੇ ਅੰਦਰ ਸਿੱਖੀ ਦਾ ਮਹਿਲ ਬਨਾਣ ਦੀ ਸ਼ੁਰੂਆਤ ਕਰਾਂਗਾ? ਗੁਰੂ ਕਿਰਪਾ ਕਰੇ।

# ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਗੁਰਮਤਿ ਸੰਗੀਤ ਚੇਅਰ ਦੀ ਸਥਾਪਨਾ

**ਪ੍ਰੋ. ਕਰਤਾਰ ਸਿੰਘ**
ਗੁਰਮਤਿ ਸੰਗੀਤ ਅਕੈਡਮੀ
ਸ੍ਰੀ ਅਨੰਦਪੁਰ ਸਾਹਿਬ, ਰੋਪੜ

ਸੰਗੀਤ ਜਗਤ ਵਿਚ ਗੁਰਮਤਿ ਸੰਗੀਤ ਦੀ ਇੱਕ ਨਵੇਕਲੀ ਪਛਾਣ ਹੈ। ਹਿੰਦੁਸਤਾਨੀ ਸੰਗੀਤ ਤੇ ਆਧਾਰਿਤ ਇਸ ਸ਼ੈਲੀ ਦਾ ਇੱਕ ਸ਼ਬਦ ਪ੍ਰਧਾਨ ਸਰੂਪ ਹੈ। ਰਾਗ ਆਧਾਰਿਤ ਬਾਣੀ ਦੀ ਰਚਨਾ ਕਰ ਕੇ ਗੁਰੂਆਂ ਨੇ ਇਸ ਦੇ ਗਾਇਣ ਨੂੰ ਪ੍ਰਭੂ ਪ੍ਰਮੇਸ਼੍ਵਰ ਦੇ ਮਿਲਾਪ ਦਾ ਇੱਕ ਸਾਧਨ ਜਾਣਿਆਂ। ਸਿਧਾਂਤਕ ਤੌਰ ਤੇ ਗੁਰਬਾਣੀ ਦਾ ਉਸ ਦੇ ਨਿਰਧਾਰਿਤ ਸਰੂਪ ਵਿਚ ਗਾਇਣ ਹੀ ਕੀਰਤਨ ਹੈ। ਕੀਰਤਨ ਦੇ ਇਸ ਨਿਰਧਾਰਿਤ ਸਰੂਪ ਨੂੰ ਗੁਰੂ ਨਾਨਕ ਨਾਮ ਲੇਵਾ ਤੇ ਹੋਰ ਸੰਗਤਾਂ ਤੱਕ ਪਹੁੰਚਾਉਣ ਦੀ ਸੇਵਾ ਇੱਕ ਮਹਾਨ ਕਾਰਜ਼ ਹੈ। ਗੁਰੂ ਨੇ ਆਪਣਾ ਅਤੀ ਪਿਆਰਾ ਸੇਵਕ ਜਾਣ ਬਾਬਾ ਸੁੱਚਾ ਸਿੰਘ ਨੂੰ ਗੁਰਮਤਿ ਸੰਗੀਤ ਦੀ ਘਰ-ਘਰ ਜੋਤ ਜਗਾਉਣ ਦੇ ਕਾਰਜ ਕਰਨ ਦੀ ਆਪਾਰ ਬਖਸ਼ਿਸ਼ ਕੀਤੀ ਤੇ ਉਹ ਜੀਵਨ ਦੇ ਅੰਤ ਤੱਕ ਇਸ ਸੇਵਾ ਵਿੱਚ ਤੱਤਪਰ ਰਹੇ।

ਉਸ ਤੋਂ ਬਾਅਦ ਇਸ ਕਾਰਜ ਨੂੰ ਅੱਗੇ ਤੋਰਨ ਲਈ ਗੁਰ ਗਿਆਨ ਪ੍ਰਕਾਸ਼ ਫਾਊਂਡੇਸ਼ਨ ਦਿੱਲੀ ਜਿਸ ਚੇਅਰ ਪਰਸਨ ਬੀਬੀ ਜਸਬੀਰ ਕੌਰ ਖਾਲਸਾ ਹਨ, ਦੇ ਯਤਨਾਂ ਸਦਕਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਗੁਰਮਤਿ ਸੰਗੀਤ ਦੀ ਚੇਅਰ ਦੀ ਸਥਾਪਨਾ ਦਾ ਇਕ ਬਹੁਤ ਵੱਡਾ ਕੰਮ ਹੋਇਆ ਹੈ। ਗੁਰਮਤਿ ਸੰਗੀਤ ਦਾ ਸੇਵਾ ਸੰਭਾਲ ਦੇ ਇਸ ਕਾਰਜ ਵਿੱਚ ਬਾਬਾ ਸੁੱਚਾ ਸਿੰਘ ਜੀ ਨਾਲ ਸਹਿਯੋਗੀ ਦਿੱਲੀ ਨਿਵਾਸੀ ਸੰਗਤਾਂ ਨੇ ਇਸ ਕਾਰਜ ਵਿਚ ਪੂਰਾ ਸਹਿਯੋਗ ਦੇਣ ਲਈ ਵਚਨ ਬੱਧਤਾ ਦਰਸਾਈ ਹੈ। ਚੇਅਰ ਦੀ ਸਥਾਪਨਾ ਦਾ ਮੁੱਖ ਉਦੇਸ਼ ਅੱਜ ਦੇ ਪ੍ਰਚੱਲਿਤ ਫਿਲਮੀ ਤਰਜ਼ਾਂ ਲੋਕ ਧੁਨਾਂ ਤੇ ਗਜ਼ਲਾਂ ਤੇ ਆਧਾਰਿਤ ਕੀਰਤਨ ਦੀ ਥਾਂ ਤੇ ਰਾਗ ਆਧਾਰਿਤ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਵਾਨਿਤ ਰਾਗਾਂ ਵਿਚ ਕੀਰਤਨ ਦੀ ਪਰੰਪਰਾਗਤ ਸ਼ੈਲੀ ਨੂੰ ਪ੍ਰਚਾਰਨ ਦਾ ਹੋਵੇਗਾ।

ਗੁਰ ਅਸਥਾਨ, ਕੀਰਤਨ ਪ੍ਰਚਾਰ ਦੇ ਸੋਮੇ ਹਨ ਜਿੱਥੋਂ ਸੰਗਤਾਂ ਨੇ ਕੀਰਤਨ ਦਾ ਆਨੰਦ ਲੈਣਾ ਹੈ ਇਸ ਲਈ ਕੀਰਤਨੀਆਂ ਤੇ ਗੁਰ ਅਸਥਾਨਾਂ ਦੇ ਪ੍ਰਬੰਧਕਾਂ ਵਿਚ ਤਾਲ ਮੇਲ ਬਣਾ ਕੇ ਕੀਰਤਨ ਦੇ ਪ੍ਰਚੱਲਿਤ ਢੰਗ ਵਿਚ ਸੁਧਾਰ ਲਿਆਉਣ ਲਈ ਠੋਸ ਉਪਰਾਲੇ ਕਰਨ ਦੀ ਲੋੜ ਹੈ। ਪ੍ਰਬੰਧਕਾਂ ਦੇ ਸਹਿਯੋਗ ਨਾਲ ਰਾਗੀ ਸਿੰਘਾਂ ਨੂੰ ਪ੍ਰੇਰਿਤ ਕਰਕੇ ਕੀਰਤਨ ਬੱਧ ਸਮਾਗਮਾਂ ਦੀ ਲੜੀ ਚਲਾ ਕੇ ਕੀਰਤਨ ਚੌਂਕੀਆਂ ਦੀ ਪਰੰਪਰਾਗਤ ਸ਼ੈਲੀ ਨੂੰ ਪ੍ਰਚਾਰਨ ਦੀ ਲੋੜ ਹੈ। ਗੁਰਮਤਿ ਸੰਗੀਤ ਦੀ ਚੇਅਰ ਦੀ ਸਥਾਪਨਾ ਵਿਚ ਡਾਕਟਰ ਗੁਰਨਾਮ ਸਿੰਘ ਦਾ ਬਹੁਤ ਯੋਗਦਾਨ ਹੈ ਤੇ ਇਸ ਸਾਰੇ ਕਾਰਜ ਨੂੰ ਵਿਉਂਤ ਬੱਧ ਕਰਕੇ ਠੋਸ ਉਪਰਾਲੇ ਕਰਨ ਲਈ ਉਨ੍ਹਾਂ ਵੱਲੋਂ ਸਹਿਯੋਗ ਦੀ ਆਸ ਹੈ।

# ਪੁਸਤਕ ਸਮੀਖਿਆ

**ਪੁਸਤਕ ਦਾ ਨਾਂ:** ਅਗੰਮ ਅਗੋਚਰ (ਸ਼ਬਦ ਸ਼ਕਤੀ ਦਾ ਉਜਿਆਰਾ)
**ਲੇਖਕ** : ਮਨਮੋਹਨ ਸਿੰਘ ਦਾਊਂ **ਕੀਮਤ** : 100 ਰੁਪਏ (ਸਜਿਲਦ) 50 ਰੁਪਏ (ਪੇਪਰ ਬੈਕ)
**ਪ੍ਰਕਾਸ਼ਕ** : ਤਰਲੋਚਨ ਪਬਲਿਸਰਜ਼, ਚੰਡੀਗੜ੍ਹ


**ਗੁਰਮੀਤ ਸਿੰਘ ਬੈਦਵਾਣ**
ਪਿੰਡ ਬਾਸੀਆਂ ਬੈਦਵਾਣ, ਡਾਕਘਰ
ਮੱਛਲੀ ਕਲਾਂ, ਜ਼ਿਲ੍ਹਾ ਫਤਹਿਗੜ੍ਹ ਸਾਹਿਬ


ਸ੍ਰੀ ਮਨਮੋਹਨ ਸਿੰਘ ਦਾਊਂ ਕਿਸੇ ਜਾਣ ਪਛਾਣ ਦਾ ਮੁਥਾਜ ਨਹੀਂ। ਬਾਲ-ਸਾਹਿਤ ਦੀਆਂ ਲਗਭਗ 20 ਪੁਸਤਕਾਂ ਦੀ ਰਚਨਾ ਕਰਦਿਆਂ ਉਸ ਨੇ ਜ਼ਿੰਦਗੀ ਦੇ ਗਹਿਰ ਗੰਭੀਰ ਮੁੱਦਿਆਂ 'ਤੇ ਆਪਣੀ ਪੰਜਵੀਂ ਕਾਵਿ ਕ੍ਰਿਤ 'ਅਗੰਮ ਅਗੋਚਰ' ਪਾਠਕਾਂ ਦੀ ਨਜ਼ਰ ਕੀਤੀ ਹੈ। ਇਸ ਤੋਂ ਪਹਿਲਾਂ ਉਸਨੇ ਚਾਰ ਕਾਵਿ-ਸੰਗ੍ਰਹਿ 'ਖਾਮੋਸ਼ ਚਸ਼ਮਾ', 'ਦਰਦ ਸੰਗ ਦੋਸਤੀ', 'ਮਿੱਟੀ ਦਾ ਰੁਦਨ' ਅਤੇ 'ਰਾਤਾਂ ਪ੍ਰਭਾਤਾਂ' ਪੰਜਾਬੀ ਕਾਵਿ-ਜਗਤ ਦੀ ਝੋਲੀ ਪਾਈਆਂ ਹਨ। ਹਥਲੀ ਪੁਸਤਕ ਦਾ ਵਿਸ਼ਾ ਅਧਿਆਤਮਕ ਰੰਗਣ ਵਾਲਾ ਹੈ। ਨਿੱਜ ਤੋਂ ਪਰ ਵੱਲ ਦਾ ਸਫ਼ਰ ਕਰਦੀਆਂ ਕਵਿਤਾਵਾਂ ਬੌਧਿਕਤਾ ਤੇ ਸੰਜਮਤਾ ਦਾ ਸੰਵਾਦ ਛੇੜਦੀਆਂ ਹਨ। ਕਵਿਤਾਵਾਂ ਦੇ ਥੀਮ ਦੀ ਜੜ੍ਹ ਗੁਰ-ਇਤਿਹਾਸ ਦੇ ਪਵਿੱਤਰ ਧਰਾਤਲ ਵਿੱਚ ਡੂੰਘੀ ਉਤਰੀ ਹੋਈ ਹੈ। ਸੁੱਚਤਾ ਤੇ ਚਰਿੱਤਰ ਨਿਰਮਾਣ ਦੇ ਮੋਤੀ ਥਾਂ ਥਾਂ ਜੜੇ ਹੋਏ ਹਨ। ਕਵਿਤਾਵਾਂ ਵਿਚਲੇ ਵਿਵਰਣ ਪਾਠਕ ਨੂੰ ਪੰਜ ਸੌ ਸਾਲ ਪੁਰਾਣੇ ਘਟਨਾ ਸਥਲ ਤੇ ਲਿਜਾ ਕੇ ਵਾਕਿਆਤ ਦੇ ਸਾਖਸ਼ਾਤ ਦਰਸ਼ਨ ਕਰਾਉਂਦੇ ਹਨ। ਘਟਨਾਵਾਂ ਵਿਚਲੇ ਨਾਟਕੀ-ਤੱਤ ਗੁਰ ਉਪਦੇਸ਼ ਦੀ ਸੋਚ ਨੂੰ ਪਰਪੱਕ ਕਰਦਿਆਂ ਪ੍ਰਚਲਿਤ ਮਿੱਥਾਂ ਨੂੰ ਤੋੜ ਕੇ ਵਿਗਿਆਨਿਕ ਪਹੁੰਚ ਅਖਤਿਆਰ ਕਰਨ ਲਈ ਸਹਾਈ ਬਣਦੇ ਹਨ। ਪੁਸਤਕ ਵਿਚਲੇ ਕਾਵਿ-ਪਾਤਰ ਸ਼ਬਦ ਸ਼ਕਤੀ ਦੇ ਹੀ ਪ੍ਰਤੀਕ ਹਨ।

ਪੁਸਤਕ ਦੇ ਅਧਿਐਨ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਮਨਮੋਹਨ ਸਿੰਘ ਦਾਊਂ ਇਨ੍ਹਾਂ ਕਵਿਤਾਵਾਂ ਵਿੱਚ ਅਗੰਮੀ ਨਾਦ ਦੀਆਂ ਸੁਰਾਂ ਦੀ ਪਛਾਣ ਕਰ ਰਿਹਾ ਹੈ। ਹਥਲੀ ਪੁਸਤਕ 'ਅਗੰਮ ਅਗੋਚਰ' ਇਤਿਹਾਸ ਦੀ ਕਵਿਤਾ ਨਹੀਂ ਸਗੋਂ ਕਵਿਤਾ ਦੀ ਇਤਿਹਾਸਕਾਰੀ ਹੈ। ਪੁਸਤਕ ਵਿਚਲੀਆਂ ਕਵਿਤਾਵਾਂ ਜਿਵੇਂ 'ਮਾਈ ਦੌਲਤਾਂ', 'ਫੇਰੂ ਰਬਾਬ ਵਾਲਾ' ਅਤੇ 'ਪੁੱਤਰਾਂ ਜਾਈਆਂ' ਆਦਿ ਤਾਂ ਕਾਵਿ-ਬਿੰਬਾਂ ਦੇ ਰਹੱਸ ਨੂੰ ਇਸ ਕਦਰ ਸਮੋਈ ਬੈਠੀਆਂ ਹਨ ਕਿ ਪਾਠਕ ਨੂੰ ਸਿੱਪੀ ਵਿਚਲੇ ਸੁੱਚੇ ਮੋਤੀ ਵਾਂਗ ਸ਼ਬਦ ਦੇ ਪ੍ਰਕਾਸ਼ ਦੇ ਦਰਸ਼ਨ ਕਰਨ ਲਈ ਬਿਹਬਲ ਹੋਣਾ ਪੈਂਦਾ ਹੈ। ਪ੍ਰਤੀਕਾਤਮਕ ਸ਼ਬਦ ਹੀ ਕਵਿਤਾ ਦੀ ਜਿੰਦਜਾਨ ਹੁੰਦੇ ਹਨ। ਜਿਹਨਾਂ ਦੀ ਵਰਤੋਂ ਕਰਨ ਲਈ ਲੇਖਕ ਨੇ ਪੁਸਤਕ ਨੂੰ ਸਫਲ ਬਣਾਉਣ ਲਈ ਫੂਕ ਫੂਕ ਕੇ ਪੈਰ ਧਰਿਆ ਹੈ।

ਸਮੁੱਚੀ ਪੁਸਤਕ ਦੀਆਂ ਕਵਿਤਾਵਾਂ ਦਾ ਵਿਸ਼ਲੇਸ਼ਣ ਕਰਦਿਆਂ ਇੱਕ ਗੱਲ ਹੋਰ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਅਜਿਹੀਆਂ ਕਵਿਤਾਵਾਂ ਲਿਖਣਾ ਕੋਈ ਸੌਖਾ ਕਾਰਜ ਨਹੀਂ ਹੈ ਕਿਉਂਕਿ ਨਾਵਾਂ ਥਾਵਾਂ ਅਤੇ ਪ੍ਰਸੰਗਾਂ ਦੇ ਸੰਦਰਭ ਵਿੱਚ ਵਰਤੀ ਸ਼ਬਦਾਵਲੀ ਪੁਰਾਤਨ ਜਨਮ ਸਾਖੀਆਂ ਵਿਚੋਂ ਲਈ ਗਈ ਹੈ, ਇਸ ਲਈ ਸਪਸ਼ਟ ਹੀ ਹੈ ਕਿ ਦਾਊਂ ਸਾਹਿਬ ਨੂੰ ਇਸ ਪੁਸਤਕ ਦੀ ਤਿਆਰੀ ਲਈ ਕਾਫੀ ਅਧਿਐਨ ਕਰਨਾ ਪਿਆ ਹੋਵੇਗਾ। ਦੂਜੀ ਇਹ ਕਿ ਇਹ ਕਵਿਤਾਵਾਂ ਆਮ ਧਾਰਮਿਕ ਕਵਿਤਾਵਾਂ ਵਾਂਗ ਕੰਨ ਤੇ ਹੱਥ ਰੱਖ ਕੇ ਉੱਚੀ ਸੁਰ ਵਿੱਚ ਵੀ ਨਹੀਂ ਪੜ੍ਹੀਆਂ ਜਾਂ ਗਾਈਆਂ ਜਾ ਸਕਦੀਆਂ। ਅਸਲ ਵਿਚ ਪੁਸਤਕ ਵਿਚਲਾ ਇੱਕ ਇੱਕ ਸ਼ਬਦ ਗੰਭੀਰ ਚਿੰਤਨ ਦੀ ਮੰਗ ਕਰਦਾ ਹੈ, ਉਹ ਵੀ ਵਿਚਾਰਵਾਨ ਪੁਰਸ਼ਾਂ ਦੀ ਸੰਗਤ ਵਿਚ। ਧੁੱਪ ਹਨ੍ਹੇਰਿਆਂ ਨੂੰ ਚੀਰਦੀ 'ਚਾਨਣ ਦੀਆਂ ਇੱਟਾਂ' ਵਿਚੋਂ ਉਗਮੀ ਚਾਨਣੀ

ਲੀਕ ਸਾਰੇ ਬ੍ਰਹਿਮੰਡ ਤੇ ਫੈਲ ਗਈ ਹੈ। ਕਵਿਤਾ ਵਿੱਚ ਇੱਕ ਵਾਰ ਫੇਰ ਮਧਕਾਲੀਨ ਬਿਰਤੀ ਵਾਲੀ ਸੋਚ ਉਭਰ ਕੇ ਸਾਹਮਣੇ ਆਈ ਹੈ। ਪੁਸਤਕ ਵਿੱਚ ਸਿੱਖ ਇਤਿਹਾਸ ਦੇ ਸ਼ਹੀਦ ਪਾਤਰਾਂ ਤੋਂ ਇਲਾਵਾ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਕਾਫੀ ਸਮੱਗਰੀ ਉਪਲਭਦ ਹੈ। ਸਾਖੀਆਂ ਵਿਚਲੇ ਸੱਚ ਦੇ ਆਧਾਰ ਦੇ ਬਾਬਾ ਨਾਨਕ ਦੇ ਪ੍ਰਚਾਰ ਮਾਧਿਅਮ ਦੀ ਪਛਾਣ ਕਰਾਉਂਦਿਆਂ ਲੇਖਕ ਨੇ ਕਾਵਿਕ-ਅੰਦਾਜ਼ ਵਿੱਚ ਪੁਸਤਕ ਦੇ ਪੰਨਾ 45 ਤੇ ਇਉਂ ਪ੍ਰਗਟਾਵਾ ਕੀਤਾ ਹੈ।

"ਬੁੱਧ ਤੇ ਵਿਵੇਕ ਨਾਲ,
ਵਾਦ ਤੇ ਸੰਵਾਦ ਨਾਲ
ਸ਼ਬਦ ਤੇ ਰਬਾਬ ਨਾਲ
ਸਵਾਲ ਤੇ ਜਵਾਬ ਨਾਲ
ਤਰਕ ਤੇ ਤਕਰਾਰ ਨਾਲ
ਪਿਆਰ ਤੇ ਵਿਚਾਰ ਨਾਲ
ਬਾਬੇ ਇਉਂ ਗੱਲਾਂ ਕੀਤੀਆਂ"

ਕਵਿਤਾ ਵਿੱਚ ਵਰਤੇ ਗਏ ਚਿੰਨ੍ਹਾਂ, ਬਿੰਬਾਂ ਅਤੇ ਪ੍ਰਤੀਕਾਂ ਦੀ ਸ਼ਕਤੀ ਤੋਂ ਲੇਖਕ ਦੀ ਸਫਲਤਾ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਮਨਮੋਹਨ ਸਿੰਘ ਦਾਊਂ ਦੀ ਹਥਲੀ ਪੁਸਤਕ 'ਅਗੰਮ ਅਗੋਚਰ' ਇੱਕ ਸਫਲ ਕਾਵਿ-ਸੰਗ੍ਰਹਿ ਹੈ ਕਿਉਂਕਿ ਇਸ ਵਿੱਚ ਜਿੱਥੇ ਇਤਿਹਾਸਕਾਰੀ ਹੈ ਉੱਥੇ ਬੁੱਧ ਵਿਵੇਕ ਵੀ ਹੈ, ਜਿੱਥੇ ਭਾਵਕਤਾ ਹੈ ਉੱਥੇ ਕਲਪਣਾ ਵੀ ਹੈ, ਜਿੱਥੇ ਧਾਰਮਿਕਤਾ ਹੈ ਉਥੇ ਸਮਾਜਿਕ ਸਰੋਕਾਰ ਵੀ ਹੈ। ਜਿੱਥੇ ਸੰਜਮਤਾ ਹੈ ਉਥੇ ਵਿਸ਼ਾਲ ਅਰਥ ਵੀ ਹਨ ਅਤੇ ਜਿੱਥੇ ਸ਼ਬਦ ਘਾੜਤ ਹੈ ਉੱਥੇ ਸ਼ਬਦ ਦੇ ਪ੍ਰਕਾਸ਼ ਰਾਹੀਂ ਸ਼ਬਦ-ਸ਼ਕਤੀ ਦਾ ਵੀ ਉਦੈ ਹੋਇਆ ਹੈ।

ਇੰਨੀ ਖੂਬਸੂਰਤ ਦਿੱਖ ਵਾਲੀ ਪੁਸਤਕ ਲਈ ਤੇ ਵਿਲੱਖਣ ਸ਼ਾਇਰੀ ਰਚਣ ਲਈ ਲੇਖਕ ਤੇ ਪ੍ਰਕਾਸ਼ਕ ਸੱਚਮੁਚ ਵਧਾਈ ਦੇ ਹੱਕਦਾਰ ਹਨ।

# घरानों में शैली का स्थान एवं महत्व


**मीना चोपड़ा**

देव समाज कालेज फार विमेन
सैक्टर 45–बी, चण्डीगढ़


घराना कोई भी हो अपनी शैली से जाना जाता है। गायन की शैली को गायकों और वादन की शैली को 'बाज' के नाम से पुकारते हैं। प्रचलित, तन्त्री वाद्यों में सितार, सरोद, वीणा ही कुछ ऐसे वाद्य हैं जिनकी वादन क्रियाओं से, उनसे सम्बन्धित घरानों ने जन्म लिया तथा उनकी शैलीयां (बाज) परम्परागत ढंग से विकसित हुई।

**शैली:** अभिव्यक्ति कला का साधन है मानव के जीवन में धर्म–कर्म, रहन–सहर, खान–पान, मान–मयार्दा, दैनिक दिनचर्या की कार्य क्षमता में एक सुव्यवस्थित एंग से जीने की व्यतिगत कला को शैली कहा जाता है। मानव जब मस्तिष्क एवं मानसिक विकास हेतु जब किसी कार्य प्रणाली को एक व्यवस्थित एवं सुचारू तथा नियमानुसार ढंग से प्रस्तुत करता है, उसकी उसी रचना एवं कार्य को शैली कहा जा सकता है।

आचार्य भरत ने, अपने ग्रंथ नाट्य शास्त्र में 'गुण' के रूप में 'रीति' का वर्णन किया है। आचार्य भामह ने रीति के लिए 'मार्ग' शब्द की चर्चा की है। रीति शब्द 'रीङ्' धातु से 'कित्' प्रत्यय के मिलने से बना है, जिस का अर्थ है –प्रगति, प्रणाली, मार्ग इत्यादि।

आचार्य बलदेव उपाध्याय ने लिखा है कि, "रीति" शब्द 'रीङ्' धातु से 'क्विन' प्रत्यय के योग से बना हे। अत: रीति का व्युत्पतिलभ्य अर्थ है 'मार्ग'– पन्था, वीधि, गति, प्रस्थान यह सब रीति के ही प्रयायवाची शब्द है।" रीति या शैली अपने वास्तविक रूप में मनोविकारों की अभिव्यक्ति का नाम हे।

अभिव्यक्ति काव्य का साधन है। कलाकार कल्पना के गगन में उढ़ान भरता है कला का आश्वासन देता है संगीत की मीठी रागिणी सुनाता है। कलाकार के लिए मीठी कल्पनाओं, मधुर स्वपनों एवं उच्च आदर्शों के बिना भी जीवन–जीवन नहीं रह सकता। जब कोई कलाकार स्वानुभूति को सहज स्वाभाविक रूप में अभिव्यक्ति कर देता है तो वही कला, कला का रूप धारण कर शैली बन जाती है आज जिसे हम शैली कहते हैं, पाश्चात्य विद्वान अंगेज़ी में उसे 'Style' कहते हैं।

पाश्चात्य आचार्यों द्वारा शैली के सभी विवेचनों के सार रूप में शैली के तीन पक्ष स्वीकृत हुए हैं।

1) बुद्धि पक्ष
2) राग पक्ष
3) कला पक्ष

ललित कलाओं में शैली अथवा सुव्यवस्थित ढंग उसे कहा जाता है, जो किसी शिल्पी, मूर्तिकार, चित्रकार, कवि तथा संगीतकार द्वारा किए गए कार्य को सुचारु ढंग से उसका पालन करते हैं तथा उस निर्मित शैली को जीवित रखते हैं।

पांचों ललित कलाओं में काव्यकला, संगीत कला, चित्रकला, वास्तुकला तथा मूर्तिकला में भी सभी कार्य एवं रचनाएं किसी न किसी व्यवस्थित कार्यशैली पर निधारित होती है। प्रत्येक कवि (साहित्यकार), संगीतज्ञ, चित्रकार, मूर्तिकार तथा शिल्पी की

अपनी विशेष रीति होती है।

कलाओं का विकास जन्मान्तरीय सांस्कारों पर अवलम्बित है, जन्मान्तरीय संस्कार में मनुष्य जैसा कार्य करता है वैसा ही फल उसको मिलता है सांगीतिक सांस्कारों में ग्रहण तथा अनुकरण करने की शक्ति होती है। संगीत और संगीतकार दोनों का संतुलन हो इस कला की शैली है।

संगीतज्ञ संगीत साधना में अपना जीवन लगा देता है। तो उसका जीवन ही संगीतमय हो जाता है। निरन्तर परिश्रम के साथ बार-बार मनन और अभ्यास करने से ही मनुण य अच्छा संगीतज्ञ बन सकता है जब वह सब कुछ छोड़करा कठोर संगीत साधना में तन्मय हो जाता है, अर्थात् तल्लीन रहता है, तब वह निण चय ही एक नवीन शैली का प्रवर्तक बन जाता है।

संगीतोपयोगी गुणों के साथ-साथ नैसर्गिक प्रतिभा का होना एक सच्चे कलाकार के लिए अति आवश्यक है। नैसर्गिक प्रतिभा अर्थात् उपज के द्वारा संगीतज्ञ स्वतन्त्र गायकी या वादन शैली का निर्माण करता है। वह अपनी एक अलग शैली का प्रवर्तक होता है। वह संगीत में एक शैली का निर्माण कर उसमें नवीणता और अनेक स्पता उत्पन्न कर उसे चमत्कृत और आकर्शक बना देता है।

शास्त्रीय संगीत का कौशल, संगीतज्ञों के अपने प्रदर्शन में, उनकी खानदानी चीज़ों में, खानदानी तानों अथवा घराने की गायकी अथवा वादन क्रिया से होता है। जिसमें सम्पूर्ण दायित्वों का मूल मन्त्र ज्ञान होता है। वही ज्ञान उस प्रवर्तक की शैली कहलाती है। प्रकृति संगीतज्ञ को अपने दायित्व के विषय में ज्ञान कराने के लिए उसके पूरूषार्थ द्वारा ही सारी व्यवस्थाएं करा देती है। तथा उसके शिष्य और समर्थक गण स्वयं ही उनका भार संभाल लेते हैं।

गायन अथवा वादन क्रिया ही 'शैली' कहलाती है। प्रत्येक कलाकार अथवा संगीतज्ञ में अपनी एक मौलिकगत विशेषता होती है जो उसे अन्य व्यक्तियों से पश्थक करती है। जब सग जबत में कोई कलाकार बहुत उन्नति करता है, तो अन्य व्यक्ति उसकी व्यतिगत विशेषताओं का अनुसरण करके उस वस्तु को निरन्तर बनाए रखने की चेष्टा करते हैं, यही उस व्यक्ति विशेष द्वारा निर्मित कला 'शैली' कहलाती है।

वास्तव में संगीत, संगीतज्ञ की कल्पना है। संगीतज्ञ अपनी कल्पना द्वारा ही नवीन रागों की नवीन तालों की, वाद्यों की, नवीन गायन तथा वादन शैली की रचना करता है। प्रत्येक मनुष्य की कलपना शक्ति एक दूसरे से सर्वथा भिन्न होती है। अत: उसकी बल्पना के अनुसार ही भिन्न नवीण चिज़ों का जन्म होता है। गायक अथवा वादक को, राग और ताल के नियमों से सतर्क और सावधान रहना पड़ता है किस स्वर के बाद कौन सा स्वर लगाना चाहि, इस का ज्ञान प्रत्येक वादक को रहता है। यह ज्ञान अत्याधिक साधना और अभ्यास से प्रापत होता है। आलाप करने की विधि अलग होती है। प्रत्येक वादक की आलाप शैली तथा वादन क्रियाओं के वादन की शैली अलग होती है।

**शैली निर्माण :-** संगीत साधक अर्थात् संगीतज्ञ हमेशा सदगुण सुपात्र की खोज में रहते हैं, जो उनके द्वारा किए गए तप तथा ज्ञान के भार को सहन कर, उन द्वारा निर्मित शैली को अर्थात् वंश परम्परा को कायम कर सके। इसी कत्तत्व्य को पूरा करने के निर्मित वे गुसजन अपने शिष्यों को अपने आश्रम या घर में रखकर

विद्यादान के साथ–साथ, जीवन दान अथवा उस भार के उठाने की शक्ति प्रदान करते थे। तब वे अपने गुरू–ऋण से मुक्त हो जाते थे। इस प्रकार एक शैलीगत परम्परा का निर्माण हो पाता था।

सितार वादन शैली निर्माण में जिन सहायकतत्वों का प्रयोग होता है, उनमें कलाकार द्वारा अलंकारों अथवा पल्टों के निरन्तर अभ्यास से स्वर परिपक्व हो जाने से, स्वर पर पूर्ण अधिकार होता है। वादक के दाएं व बाएं हाथ की तैयारी पर पूर्ण अधिकार हो जाता है, लय और ताल पर पूर्ण नियन्त्रण, आलाप और तान पर पूर्ण अधिकार, आलाप की सिद्धी, रागानुसार आरोह, अवरोह, मंद्र, मध्य और तार सप्तक के स्वरों का क्रमिक उच्चारण एवं बड़त लयकारी पर पूर्ण अधिकार, आलाप करते समय वादी, संवादी, स्वरों का पूर्ण निर्वाह, स्वरों के सच्चे रूप का लगाव, राग चलन की रक्षा, तानों के विशेष प्रकारों पर अधि कार, जिससे उसकी कला में चमत्कार हो जाता है, इत्यादि का अस्तित्व अर्थात् निर्माण हो जाता है।

**वादन तकनीकः** 'सितार' वाद्‌य भारत में ही नहीं बल्कि पूरे विण व में अपना स्थान बनाए हुए हैं। अपनी मधुरता के कारण यह वाद्‌य संगीतज्ञों के अतिरिक्त, जनमानस में भी लोकप्रिय हो गया है। तन्त्री वादय यन्त्रों में सितार एक ऐसा वाद्य यन्त्र है जिसकी वादनक्रिया दाएं तथा बाएं दोनों हाथों का संतुलन बनाए रखना ज़रूरी है। सितार वाद्‌य का मिज़राब द्वारा प्रहार कर उत्पन्न किया जाता है। दाएं हाथ की नर्जनी ऊंगली में मिज़राब द्वारा तार पर सीधा तथा उल्टा अर्थात् अन्दर–बाहर की तरफ प्रहार करके ध्वनि को उत्पन्न किया जाता है। गज घर्शण द्वारा बजने वाले वाद्‌यों में विशेष बात यह होती है कि ध्वनि में निरन्तरता बनी रहती है, किन्तु आघात द्वारा बजने वाले वाद्यों में जब एक आघात द्वारा ध्वनि उत्पन्न की जाती है, तो जब तक नाद की आस जितनी देर बनी रहती है, वही ध्वनि दूसरे आघात के करने पर, खंडित होकर दूसरे आघात की ध्वनि उत्पन्न हो जाती है। अर्थात् वाद्‌य यन्त्र में एक निरन्तरता के टूटने के बावजूद भी, वादन कला की तकनीक द्वारा निरन्तरता बनी रहती है, जो कि एक अच्छे कलाकार की वादन शैली पर निर्भर करती है। तथा सितार वाद्य में, बाएं हाथ की तर्जनी तथा मध्यमा ऊंगलियों द्वारा, तार को पर्दे पर दबाकर, भिन्न–भिन्न वादन क्रियाओं एवं तकनीक द्वारा स्वरोत्पत्ति कर, राग का विकास एवं वादन किया जाता है। तथा वादन की शैली का निर्माण किया जाता है।

# Guru Nanak Dev's Concept of The Maditation

**Joginder Singh**
N. 59, Panchshila Park
New Delhi 110 017

Guru Nanak Dev Ji (1469 A.D.-1539 A.D.), the saviour of mankind and messiah of peace came into this world on ***Katak Puranmashi***. At the age of 36 years, the Guru attained enlightenment and recited '***Mool Mantra***' in praise of The Almighty. Later at Kartarpur, in spiritual ecstasy he rendered '***Japji***' which is the first hymn of **Guru** Granth Sahib, the holy scripture of the Sikhs. Guru Nanak's concept of 'meditation' is indeed inimitable and unique. The Guru says, mind (***Mann***) is the core of true meditation. Mind at times in it's sublimity comes in communion with God, surging your whole being to soaring heights. There are moments when mind's fantasies plunge you into the depths of despair. Guru sermons:

"***Mann antar bolai sabh koee***;
***Mann marai bin bhagat na hoee***."

Everyone speaks the language of his mind;

Without subjugating one's mind, true

meditation remains a reverie.

How do we subjugate these unprdictable filghts of the mind?

Guru Nanak enlightens:

"***Kumbhe badha jal rahai***;
***Jal bin kumbh na hoi***.
***Gyan ka badha mann rahai***;
***Gur bin gyan na hoi***."

Just as water can remain contained only in a pot, similarly it is 'knowledge' alone which can harness the mind. And without a **Guru** 'knowledge' is not possible. In Japji Sahib, Guru Nanak shows the path to true meditation:

***"Sabh gunn tere mai naahi koe;***
***Vin gunn keete bhagat na hoe."***

O'Lord, all virtues are embodied in You. There are no virtues in me. Without acquiring virtues, true meditation remains a delusion. - Pauri 21

Guru is guiding us - "O' the seeker, be oblivious to any virtue in your own self and look up only to the 'Virtuous One' for guidance. More important is to recognize your failings (vices), by introspection. Once you sincerely acknowledge your vices, they shall slowly but surely ooze out of your system and virtues will automatically flow in. Anger will be replaced by tranquility and hatred replaced by love, making you eligible to meditate. True meditation lies in living a truthful life with steady inner

awareness of God's immanence. Surrender to His will with complete faith.

'***Hukam rajai chalna Nanak likhia naal***'

Be honest in your earnings and share it with the needy. Look for Him in his wondrous (***Vismaad***) creations, the living world and the nature around. Maintain equipoise all the time and under all circumstances. That is true meditation."!

Guru Nanak be praised.

# ਸਵਰ ਲਿਪੀ ਵੇਰਵਾ

**ਹਰਿਭਜਨ ਸਿੰਘ**

1246, ਸੈਕਟਰ: 22-ਬੀ, ਚੰਡੀਗੜ੍ਹ

| 2001 | ਰਾਗ | ਤਾਲ | ਸ਼ਬਦ | ਰਚਨਾਕਾਰ |
|---|---|---|---|---|
| ਜਨਵਰੀ | ਸੋਰਠਿ | ਤਿੰਨਤਾਲ | ਪ੍ਰਭ ਜੂ ਤੋ ਕਹਿ ਲਾਜ ਹਮਾਰੀ | ਪ੍ਰੋ. ਤਾਰਾ ਸਿੰਘ |
| | ਰਾਮਕਲੀ | ਤਿੰਨਤਾਲ | ਪ੍ਰਾਨੀ ਪਰਮ ਪੁਰਖ ਪਗ ਲਾਗੋ | ਪ੍ਰੋ. ਤਾਰਾ ਸਿੰਘ |
| ਫਰਵਰੀ | ਭੀਮ ਪਲਾਸੀ | ਤਿੰਨਤਾਲ | ਕੋਈ ਨਾਉ ਨਾ ਜਾਣੇ ਮੇਰਾ | ਸਵਰ ਲਿਪੀ ਕਾਰ ਪ੍ਰੋ. ਪਰਮਜੋਤ ਸਿੰਘ |
| | ਭੁਪਾਲੀ | ਤਿੰਨਤਾਲ | ਗੁਰ ਦਾ ਬਚਨ ਬਸੈ ਜੀਅ ਨਾਲੇ | ਪ੍ਰੋ. ਪਰਮਜੋਤ ਸਿੰਘ |
| | ਰਾਮਕਲੀ | ਤਿੰਨਤਾਲ | ਰੇ ਮਨ ਐਸੋ ਕਰਿ ਸਨਿਆਸਾ | ਪ੍ਰੋ. ਪਰਮਜੋਤ ਸਿੰਘ |
| | ਬਿਹਾਗ | ਤਿੰਨਤਾਲ | ਤੁਮ ਹੋ ਸਭ ਰਾਜਨ ਕੇ ਰਾਜਾ | ਪ੍ਰੋ. ਪਰਮਜੋਤ ਸਿੰਘ |
| | ਸ਼ਬਦ ਗੀਤ | ਦਾਦਰਾ | ਅਪਨੇ ਸਤਿਗੁਰ ਕੈ ਬਲਿਹਾਰੈ | ਪ੍ਰੋ. ਪਰਮਜੋਤ ਸਿੰਘ |
| | ਸ਼ੁਧ ਮਲ੍ਹਾਰ | ਤਿੰਨਤਾਲ | ਬਰਸੈ ਮੇਘ ਸਖੀ ਘਰਿ ਪਾਹੁਨ | ਪ੍ਰੋ. ਪਰਮਜੋਤ ਸਿੰਘ |
| | ਪੀਲੂ | ਏਕਤਾਲ | ਹੇ ਅਚੁਤ ਹੇ ਪ੍ਰਾਬਹਮ | ਪ੍ਰੋ. ਪਰਮਜੋਤ ਸਿੰਘ |
| | ਦਰਬਾਰੀ ਕਾਨੜਾ | ਤਿੰਨਤਾਲ | ਸਾਜਨਾ ਸੰਤ ਆਉ ਮੇਰੈ | ਪ੍ਰੋ. ਪਰਮਜੋਤ ਸਿੰਘ |
| | ਰਾਮਕਲੀ | ਤਿੰਨਤਾਲ | ਜਾਨੀ ਜਾਨੀ ਰੇ ਰਾਜਾ ਰਾਮ | ਪ੍ਰੋ. ਪਰਮਜੋਤ ਸਿੰਘ |
| | ਗੀਤ | ਛੋਟੀ ਤਿੰਨਤਾਲ | ਸੂਰਜ ਕਿਰਣ ਮਿਲੈ | ਪ੍ਰੋ. ਪਰਮਜੋਤ ਸਿੰਘ |
| | ਗੀਤ ਭੈਰਵੀ | ਰੂਪਕ | ਤੁਮ ਕਰਹੁ ਦਇਆ ਮੇਰੇ ਸਾਂਈ | ਪ੍ਰੋ. ਪਰਮਜੋਤ ਸਿੰਘ |
| | ਗੀਤ | ਤਿੰਨਤਾਲ | ਮੇਰਾ ਸਤਿਗੁਰ ਪਿਆਰਾ ਕਿਤੂ | ਪ੍ਰੋ. ਪਰਮਜੋਤ ਸਿੰਘ |
| ਮਾਰਚ | ਗਉੜੀ ਦਖਣੀ | ਬੀਰਤਾਲ | ਨਾਮੁ ਮਿਲੈ ਚਲੈ ਮੈ ਨਾਂਲਿ | ਡਾ. ਗੁਰਨਾਮ ਸਿੰਘ |
| | ਗਉੜੀ ਗੁਆਰੇਰੀ | ਝਪਤਾਲ | ਤੇ ਹਰਿ ਜਨ ਹਰਿ ਮੇਲਹੁ ਹਮ | ਡਾ. ਗੁਰਨਾਮ ਸਿੰਘ |
| ਅਪ੍ਰੈਲ | ਗਉੜੀ ਮਾਲਾ | ਇੱਕ ਤਾਲ | ਭਾਵਨੁ ਤਿਆਗਿਉ ਰੀ | ਡਾ. ਗੁਰਨਾਮ ਸਿੰਘ |
| | ਗਉੜੀ | ਤਿੰਨਤਾਲ | ਸਾਧੋ ਗੋਬਿੰਦ ਕੇ ਗੁਣ ਗਾਵਹੁ | ਡਾ. ਗੁਰਨਾਮ ਸਿੰਘ |
| ਮਈ | ਆਸਾ | ਪੜਤਾਲ | ਬਾਪਾਰਿ ਗੋਬਿੰਦ ਨਾਏ | ਪ੍ਰੋ. ਜਬਰਜੰਗ ਸਿੰਘ |
| | ਜੈਜਾਵੰਤੀ | ਤਿੰਨਤਾਲ | ਬੀਤ ਜੈਹੈ ਬੀਤ ਜੈਹੈ | ਪ੍ਰੋ. ਜਬਰਜੰਗ ਸਿੰਘ |
| | ਮਲ੍ਹਾਰ | ਇੱਕਤਾਲ | ਮੋਕਉ ਤੂੰ ਨਾ ਬਿਸਾਰਿ | ਪ੍ਰੋ. ਜਬਰਜੰਗ ਸਿੰਘ |
| | ਆਸਾ | ਛੋਟਾ ਤਿੰਨਤਾਲ | ਭਿੰਨੀ ਰੈਨੜੀਏ ਚਾਮਕਨਿ ਤਾਰੇ | ਪ੍ਰੋ. ਜਬਰਜੰਗ ਸਿੰਘ |
| | ਆਸਾ | ਚੰਚਲਤਾਲ | ਕੀਉ ਸਿੰਗਾਰ ਮਿਲਣ ਕੇ ਤਾਂਈ | ਪ੍ਰੋ. ਜਬਰਜੰਗ ਸਿੰਘ |
| | ਦੇਵ ਗੰਧਾਰ | ਤਿੰਨਤਾਲ | ਜੈ ਤੂੰ ਮਿਤ੍ਰ ਅਸਾਡੜਾ | ਪ੍ਰੋ. ਜਬਰਜੰਗ ਸਿੰਘ |
| | ਮਲ੍ਹਾਰ | ਚਾਰਤਾਲ | ਸਾਵਣਿ ਸਰਸ ਮਨਾ | ਪ੍ਰੋ. ਜਬਰਜੰਗ ਸਿੰਘ |
| ਜੂਨ | ਦੇਵ ਗੰਧਾਰੀ | ਏਕਤਾਲ | ਝੂਠੀ ਦੇਖੀ ਪ੍ਰੀਤ ਜਗਤ ਮੈ | ਭਾਈ ਜਸਪਾਲ ਸਿੰਘ |
| | ਦੇਵ ਗੰਧਾਰੀ | ਛੋਟਾ ਤਿੰਨਤਾਲ | ਮੇਰੋ ਸੁੰਦਰ ਕਹਹੁ ਮਿਲੈ | ਜਸਵੰਤ ਸਿੰਘ ਭੰਵਰਾ |
| ਜੁਲਾਈ | ਭੈਰਉ | ਤਿੰਨਤਾਲ | ਰਾਖਾ ਏਕੁ ਹਮਾਰਾ ਸੁਆਮੀ | ਭਾਈ ਹਰਿੰਦਰਪਾਲ ਸਿੰਘ |
| | ਅਹੀਰ ਭੈਰਵ | ਤਿੰਨਤਾਲ | ਇਹ ਧਨ ਮੇਰੇ ਹਰ ਕੋ ਨਾਉ | ਭਾਈ ਹਰਿੰਦਰਪਾਲ ਸਿੰਘ |
| ਅਗਸਤ | ਨਟ ਭੈਰਉ | ਏਕਤਾਲ | ਖੂਬ ਖੂਬ ਖੂਬ ਖੂਬ ਤੇਰੋਂ | ਭਾਈ ਹਰਿੰਦਰਪਾਲ ਸਿੰਘ |
| | ਬੈਰਾੜੀ | ਤਿੰਨਤਾਲ | ਮਨ ਮਿਲਿ ਸੰਤ ਜਨਾ ਜਸੁ | ਭਾਈ ਹਰਿੰਦਰਪਾਲ ਸਿੰਘ |

| | | | | |
|---|---|---|---|---|
| ਸਤੰਬਰ | ਤਿਲੰਗ | ਏਕਤਾਲ | ਮਿਹਰਵਾਨੁ ਸਾਹਿਬ | ਭਾਈ ਜਸਪਾਲ ਸਿੰਘ<br>ਭਾਈ ਸੁਖਵੰਤ ਸਿੰਘ |
| | ਤਿਲੰਗ | ਏਕਤਾਲ | ਮੀਰਾਂ ਦਾਨਾਂ ਦਿਲ ਸੋਚ | ਭਾਈ ਜਸਪਾਲ ਸਿੰਘ<br>ਭਾਈ ਸੁਖਵੰਤ ਸਿੰਘ |
| ਅਕਤੂਬਰ | ਕਾਨੜਾ | ਪੜਤਾਲ | ਜਪੁ ਮਨ ਗੋਬਿੰਦ ਮਾਧੋ | ਗੁਪਤ ਦਾਨ |
| ਨਵੰਬਰ | ਬਿਹਾਗੜਾ | ਤਿੰਨਤਾਲ | ਅੰਮ੍ਰਿਤ ਹਰਿ ਹਰਿ ਨਾਮੁ | ਭਾਈ ਜਸਪਾਲ ਸਿੰਘ<br>ਭਾਈ ਸੁਖਵੰਤ ਸਿੰਘ |
| | ਜੈਤਸਰੀ | ਦੀਪਚੰਦੀ | ਕੋਈ ਜਨੁ ਹਰਿ ਸਿਉ | ਭਾਈ ਜਸਪਾਲ ਸਿੰਘ<br>ਭਾਈ ਸੁਖਵੰਤ ਸਿੰਘ |
| ਦਸੰਬਰ | ਜੈਜਾਵੰਤੀ | ਏਕਤਾਲ | ਰਾਮ ਸਿਮਰੁ ਰਾਮ ਸਿਮਰੁ | ਪ੍ਰੋ. ਤਾਰਾ ਸਿੰਘ |
| *2002* | *ਰਾਗ* | *ਤਾਲ* | *ਸ਼ਬਦ* | *ਰਚਨਾਕਾਰ* |
| ਜਨਵਰੀ | ਤੁਖਾਰੀ | ਏਕਤਾਲ | ਦੀਨਨ ਕੀ ਪ੍ਰਤਿਪਾਲ ਕਰੈ | ਜਸਪਾਲ ਸਿੰਘ |
| ਫਰਵਰੀ ਤੋਂ | ਤਿਲੰਗ | ਤਿੰਨਤਾਲ | ਆਇ ਮਿਲ ਗੁਰਸਿੱਖ | ਪ੍ਰੋ. ਪਰਮਜੋਤ ਸਿੰਘ |
| ਅਪ੍ਰੈਲ | ਤਿਲੰਗ | ਰੂਪਕ | ਸਭ ਊਪਰਿ ਪਾਰ ਬ੍ਰਹਮੁ ਦਾਤਾਰੁ | ਸ. ਉੱਤਮ ਸਿੰਘ |
| ਮਈ | ਮਾਝ | ਤਿੰਨਤਾਲ | ਝਿਮ ਝਿਮ ਵਰਸੈ | ਪ੍ਰਿੰ. ਦਿਆਲ ਸਿੰਘ |
| | ਮਾਝ | ਕੈਹਰਵਾ | ਜਿਥੈ ਨਾਮੁ ਜਪੀਐ | ਪ੍ਰਿੰ. ਦਿਆਲ ਸਿੰਘ |
| ਜੂਨ | ਸੋਰਠਿ | ਤਿੰਨਤਾਲ | ਅਪਨੇ ਸਤਿਗੁਰ ਕੈ ਬਲਿਹਾਰੈ | ਗੁਰੂ ਨਾਨਕ ਸੰਗੀਤ<br>ਪਧੱਤੀ ਗ੍ਰੰਥ ਭਾਗ ਪਹਿਲਾ |
| | ਸੋਰਠਿ | ਝਪਤਾਲ | ਸਾਚਾ ਸਾਹਿਬੁ ਸਦ ਮਿਹਰਵਾਣ | ਗੁਰੂ ਨਾਨਕ ਸੰਗੀਤ<br>ਪਧੱਤੀ ਗ੍ਰੰਥ ਭਾਗ ਪਹਿਲਾ |
| ਜੁਲਾਈ | ਧਨਾਸਰੀ | ਤਿੰਨਤਾਲ | ਤੁਮ ਘਰਿ ਆਵਹੁ ਮੇਰੇ ਮੀਤ | ਗੁਰੂ ਨਾਨਕ ਸੰਗੀਤ<br>ਪਧੱਤੀ ਗ੍ਰੰਥ ਭਾਗ ਪਹਿਲਾ |
| | ਧਨਾਸਰੀ | ਝਪਤਾਲ | ਮੇਰੀ ਪ੍ਰੀਤ ਗੋਬਿੰਦ ਸਿਉ | ਗੁਰੂ ਨਾਨਕ ਸੰਗੀਤ<br>ਪਧੱਤੀ ਗ੍ਰੰਥ ਭਾਗ ਪਹਿਲਾ |
| ਅਗਸਤ | ਸਾਰੰਗ | ਤਿੰਨਤਾਲ | ਗਾਇਓ ਰੀ ਮੈ ਗੁਣ ਨਿਧਿ | ਭਾਈ ਕਸ਼ਮੀਰ ਸਿੰਘ |
| | ਸਾਰੰਗ | ਤਿੰਨਤਾਲ | ਜੀਵਤੁ ਰਾਮ ਕੇ ਗੁਣ ਗਾਇ | ਭਾਈ ਕਸ਼ਮੀਰ ਸਿੰਘ |
| ਸਤੰਬਰ | ਕੇਦਾਰਾ | ਤਿੰਨਤਾਲ | ਮਾਈ ਸੰਤ ਸੰਗ ਜਾਗੀ | ਪ੍ਰੋ. ਤਾਰਾ ਸਿੰਘ |
| | ਕੇਦਾਰਾ | ਤਿੰਨਤਾਲ | ਬਿਸਰਤ ਨਾਹਿ ਮਨਤੇ | ਪ੍ਰੋ. ਤਾਰਾ ਸਿੰਘ |
| ਅਕਤੂਬਰ | ਤਿਲੰਗ | ਛੋਟਾ ਤਿੰਨਤਾਲ | ਤਉ ਦਰਸਨ ਕੀ ਕਰਉ | ਪ੍ਰਿੰ. ਦਿਆਲ ਸਿੰਘ |
| | ਤਿਲੰਗ | ਸੂਲਫਾਕ | ਤੇਰੀ ਟੇਕ ਤੇਰਾ ਆਧਾਰੁ | ਪ੍ਰਿੰ. ਦਿਆਲ ਸਿੰਘ |
| ਨਵੰਬਰ | ਪ੍ਰਾਭਾਤੀ | ਝਪਤਾਲ | ਲੋਗਾ ਭਰਮ ਨਾ ਭੂਲਹੁ ਭਾਈ | ਗੁਰੂ ਨਾਨਕ ਸੰਗੀਤ<br>ਪੱਧਤੀ ਗ੍ਰੰਥ ਭਾਗ ਪਹਿਲਾ |
| | ਪ੍ਰਭਾਤੀ | ਤਿੰਨਤਾਲ | ਬੋਲਹੁ ਸਚੁ ਨਾਮੁ ਕਰਤਾਰ | ਗੁਰੂ ਨਾਨਕ ਸੰਗੀਤ<br>ਪੱਧਤੀ ਗ੍ਰੰਥ ਭਾਗ ਪਹਿਲਾ |
| ਦਸੰਬਰ | ਰਾਮਕਲੀ | ਤੀਨਤਾਲ | ਮੇਰੇ ਮਨ ਸਤਿਗੁਰੁ ਸੇਵਿ ਸੁਖ | ਸ. ਕਸ਼ਮੀਰ ਸਿੰਘ |
| | ਰਾਮਕਲੀ | ਰੂਪਕ | ਮਨ ਰਾਮ ਨਾਮਾ ਬੇਧੀਅਲੇ | ਸ. ਕਸ਼ਮੀਰ ਸਿੰਘ |

*ਨੋਟ: 1999/2000 ਸਵਰ ਲਿਪੀ ਦਾ ਵੇਰਵਾ ਦਿੱਤਾ ਹੈ ਸਤੰਬਰ 2001 ਅੰਕ ਵਿਚ।*

# ਸੁਰ ਲਿਪੀਆਂ

ਉਤਮ ਸਿੰਘ

409, ਫੇਜ਼ 3ਬੀ-1, ਮੁਹਾਲੀ

## ਰਾਗ ਗੂਜਰੀ

**ਅਰੋਹ** : ਸ ਰੇ̱ ਗੁ ਮੇ ਧੁ ਨੀ ਸਂ। **ਅਵਰੋਹ** : ਸਂ ਨੀ ਧੁ ਮੇ ਗੁ ਰੇ̱ ਸ

**ਸੁਰ** : ਰੇ ਗ ਧ ਕੋਮਲ, ਮ ਤੀਵਰ, ਨੀ ਸ਼ੁਧ, ਅਤੇ ਪ ਵਰਜਿਤ **ਵਾਦੀ** : ਧੁ **ਸੰਵਾਦੀ** : ਰੇ̱

**ਥਾਟ** : ਤੋੜੀ (ਟੋਡੀ) **ਜਾਤੀ** : ਸ਼ਾੜਵ-ਸ਼ਾੜਵ **ਸਮਾਂ** : ਦਿਨ ਦਾ ਦੂਸਰਾ ਪਹਿਰ

**ਤਾਲ ਕਹਿਰਵਾ 8 ਮਾਤਰਾ**

| 1 | 2 | 3 | 4 | 5 | 6 | 7 | 8 | 1 | 2 | 3 | 4 | 5 | 6 | 7 | 8 |
|---|---|---|---|---|---|---|---|---|---|---|---|---|---|---|---|
| *ਸਥਾਈ :* | | | | | | | | | | | | | | | |
| – | ਸ | ਸ | ਸ | ਸ | – | ਰੇ̱ | ਸ | ਰੇ̱ | ਗੁ | ਗੁ | ਗੁ | ਗੁ | – | ਗੁ | – |
| ऽ | ਮਾ | ऽ | ਤਾ | ਕੀ | ऽ | ਆ | ऽ | ਸੀ | ऽ | ऽ | ਸ | ਪੂ | ऽ | ਤਾ | ऽ |
| – | ਧੁ | ऽ | ਧੁ | ਮੇ | ਧੁ | ਮੇ | ਗੁ | ਰੇ̱ | ਗੁ | ਰੇ̱ | ਸ | ਸ | ऽ | ਸ | ऽ |
| ऽ | ਮਾ | ऽ | ਤਾ | ਕੀ | ऽ | ਆ | ऽ | ਸੀ | ऽ | ऽ | ऽ | ਸ | ऽ | ऽ | ऽ |
| – | ਮੇ | ਮੇ | ਮੇ | ਧੁ | ਧੁ | ਧੁ | ਧੁ | ਮੇ | ਗੁ | ਰੇ̱ | ਗੁ | ਰੇ̱ | ऽ | ਸ | – |
| ऽ | ਨਿਮ | ਖ | ਨ | ਬਿ | ਸ | ਰਉ | ऽ | ਤੁ | ਮ | ਕਉ | ਹ | ਰਿ | ਹ | ਰਿ | ऽ |
| – | ਰੇ̱ | ਗੁ | ਰੇ̱ | ਸ | – | ਸ | ਧੁ | ਸ | – | ਰੇ̱ | ਸ | ਰੇ̱ | ਗੁ | ਗੁ | – |
| ऽ | ਸ | ਦਾ | ਭ | ਜਹੁ | ऽ | ਜ | ਗ | ਦੀ | ऽ | ऽ | ਸ | ਪੂ | ऽ | ਤਾ | ऽ |
| – | ਧੁ | – | ਧੁ | ਮੇ | ਧੁ | ਮੇ | ਗ | ਰੇ̱ | – | ਰੇ̱ | ਗੁ | ਰੇ̱ | – | ਸ | – |
| ऽ | ਮਾ | ऽ | ਤਾ | ਕੀ | – | ਆ | ऽ | ਸੀ | ऽ | ऽ | ऽ | ਸ | ऽ | ऽ | ऽ |
| *ਅੰਤਰਾ :* | | | | | | | | | | | | | | | |
| – | ਮੇ | ਮੇ | ਮੇ | ਧੁ | ਧੁ | ਮੇ | ਧੁ | ਸਂ | – | ਰੇ̱ਂ | ਗਂ | ਰੇਂ | – | ਸਂ | – |
| ऽ | ਜਿਸੁ | ਸਿ | ਮ | ਰ | ਤ | ਸ | ਭਿ | ਕਿ | ਲ | ਵਿ | ਖ | ਨਾ | ऽ | ਸਹਿ | ऽ |
| – | ਗੁਂ | ਗੁਂ | ਗੁਂ | ਰੇ̱ਂ | ਗੁਂ | ਰੇ̱ਂ | ਸਂ | ਸਂ | – | ਨੀ | ਸਂ | ਧ | – | – | – |
| ऽ | ਪਿ | ਤ | ਗੀ | ਹੋ | ऽ | ਇ | ਉ | ਧਾ | ऽ | ऽ | ऽ | ਰੇ | ऽ | ऽ | ऽ |
| – | ਮੇ | ਮੇ | ਮੇ | ਧੁ | ਧੁ | ਮੇ | ਧੁ | ਸਂ | – | ਰੇ̱ਂ | ਗੁਂ | ਰੇ̱ਂ | – | ਸਂ | – |
| ऽ | ਸੋ | ਹ | ਰਿ | ਹ | ਰਿ | ਤੁ | ਮ | ਸ | ਦ | ਹੀ | ऽ | ਜਾ | ऽ | ਪਹੁ | ऽ |
| – | ਸਂ | – | ਸਂ | ਨੀ | ਸਂ | ਨੀ | ਧੁ | ਮੇ | ਗੁ | ਰੇ̱ | ਗੁ | ਰੇ̱ | – | ਸ | – |
| ऽ | ਜਾ | ऽ | ਕਾ | ਅਂ | ऽ | ਤੁ | ਨ | ਪਾ | ऽ | ऽ | ऽ | ਰੋ | ऽ | ऽ | ऽ |
| X | | | | 0 | | | | X | | | | 0 | | | |

ਤਾਲ ਦੀਪਚੰਦੀ

| X | | | 2 | | | | 0 | | | 3 | | | |
|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |
| *ਸਥਾਈ :* | | | | | | | | | | | | | |
| ਸ | ਸ | ਸ | ਸ | ਸ | ਰੇ | ਸ | ਰੇ | ਗੁ | ਗੁ | ਗੁ | - | ਗੁ | - |
| ਅੰ | ਤ | ਰਿ | ਗੁ | ਰੁ | ਆ | ਽ | ਰਾ | ਽ | ਧ | ਣਾ | ਽ | ਽ | ਽ |
| ਧੁ | - | ਧੁ | ਮੇ | ਧੁ | ਮੇ | ਗੁ | ਰੇ | ਗੁ | ਰੇ | ਸ | - | ਸ | - |
| ਜਿਹ | ਵਾ | ਽ | ਜ | ਪਿ | ਗੁ | ਰ | ਨਾ | ਽ | ਽ | ਉ | ਽ | ਽ | ਽ |
| *ਅੰਤਰਾ :* | | | | | | | | | | | | | |
| ਮੇ | ਮੇ | - | ਧੁ | - | ਮੇ | ਧੁ | ਸਂ | - | ਸਂ | ਸਂ | - | - | - |
| ਨੇ | ਤ੍ਰੀ | ਽ | ਸ | ਤਿ | ਗੁ | ਰੁ | ਪੇ | ਽ | ਖ | ਣਾ | ਽ | ਽ | ਽ |
| ਗੁਂ | - | ਗੁਂ | ਰੇਂ | ਗੁਂ | ਰੇਂ | ਸਂ | ਸਂ | - | - | ਸਂ | - | - | - |
| ਸ੍ਵ | ਣੀ | ਸੁਨ | ਣਾ | ਽ | ਗੁ | ਰ | ਨਾ | ਽ | ਽ | ਉ | ਽ | ਽ | ਽ |
| ਸਂ | ਸਂ | ਸਂ | ਨੀ | ਸਂ | ਨੀ | ਧੁ | ਮੇ | ਮੇ | - | ਧੁ | - | ਧੁ | - |
| ਸਤਿ | ਗੁ | ਰ | ਸੇ | ਽ | ਤੀ | ਽ | ਰ | ਤਿ | ਽ | ਆ | ਽ | ਽ | ਽ |
| ਧੁ | ਧੁ | ਧੁ | ਮੇ | ਧੁ | ਮੇ | ਗੁ | ਰੇ | ਗੁ | ਰੇ | ਸ | - | ਸ | - |
| ਦਰ | ਗ | ਹ | ਪਾ | ਽ਈ | ਐ | ਽ | ਠਾ | ਽ | ਽ | ਉ | ਽ | ਽ | ਽ |

*ਅੰਤਰਾ : ਦੂਜਾ*

ਨੋਟ: ਕਹੁ ਨਾਨਕ ਕ੍ਰਿਪਾ ਕਰੇ ਜਿਸ ਨੋਂ ਇਹ ਵਥੁ ਦੇਇ॥ ਜਗ ਮਹਿ ਉਤਮ ਕਾਢੀਐ ਵਿਰਲੇ ਕੋਈ ਕੋਇ॥
ਇਨ੍ਹਾਂ ਤੁਕਾਂ ਨੂੰ ਉਪਰ ਦਿਤੀਆ ਨੇਤ੍ਰੀ ਸਤਿਗੁਰ ਪੇਖਣਾ-- ਅਤੇ ਸਤਿਗੁਰ ਸੇਤੀ ਰਤਿਆ--
ਤੁਕਾਂ ਉਪਰ ਵਾਰੀ-2 ਗਾਉ ਜੀ।

# ਸੁਰ-ਲਿਪੀ ਵਾਲੇ ਸ਼ਬਦਾਂ ਦੇ ਅਰਥ

ਮਨਮੋਹਨ ਸਿੰਘ

| ਰਾਗੁ ਗੁਜਰੀ ਵਾਰ | **Gujri Measure A dirge.** | ਰਾਗ ਗੁਜਰੀ ਮਰਸੀਆ। |
|---|---|---|
| ਮਹਲਾ ੫ ॥ | **5th Guru.** | ਪੰਜਵੀਂ ਪਾਤਿਸ਼ਾਹੀ। |
| ੴ ਸਤਿਗੁਰ ਪ੍ਰਸਾਦਿ॥ | There is but One God. By True Guru's grace, He is obtained. | ਵਾਹਿਗੁਰੂ ਕੇਵਲ ਇਕ ਹੈ। ਸਚੇ ਗੁਰਾਂ ਦੀ ਦਇਆ ਦੁਆਰਾ ਉਹ ਪ੍ਰਾਪਤ ਹੁੰਦਾ ਹੈ। |
| ਸਲੋਕੁ ਮਹਲਾ ੫ ॥ | Slok 5th Guru. | ਸਲੋਕ ਪੰਜਵੀਂ ਪਾਤਸ਼ਾਹੀ। |
| ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ॥ | Within thy mind, contemplate thou on the Guru and with thy tongue. utter the Guru's Name. | ਆਪਣੇ ਚਿਤ ਅੰਦਰ ਤੂੰ ਗੁਰਾਂ ਦਾ ਚਿੰਤਨ ਕਰ ਅਤੇ ਆਪਣੀ ਜੀਭ ਨਾਲ ਗੁਰਾਂ ਦਾ ਨਾਮ ਉਚਾਰਨ ਕਰ। |
| ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਣਨਾ ਗੁਰ ਠਾਉ॥ | With thine eyes, behold the True Guru and with thine ears, hear the Guru's Name. | ਆਪਣੀਆਂ ਅੱਖਾਂ ਨਾਲ ਸੱਚੇ ਗੁਰਾਂ ਨੂੰ ਦੇਖ ਅਤੇ ਆਪਣੇ ਕੰਨਾਂ ਨਾਲ ਗੁਰਾਂ ਦਾ ਨਉਂ ਸ੍ਰਵਨ ਕਰ। |

| | | |
|---|---|---|
| ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਨਾਉ ॥ | Being imbued with the True Guru, thou shalt find a seat in the Lord's court. | ਸਚੇ ਗੁਰਾਂ ਨਾਲ ਰੰਗੀਜਣ ਦੁਆਰਾ, ਤੈਨੂੰ ਸਾਹਿਬ ਦੇ ਦਰਬਾਰ ਵਿਚ ਟਿਕਾਣਾ ਮਿਲ ਜਾਊਗਾ। |
| ਕਹੁ ਨਾਨਕ ਕਿਰਪਾ ਕਰੇ ਜਿਸ ਨੋ ਏਹ ਵਥੁ ਦੇਇ ॥ | Says Nanak, the Lord gives this commodity to him, on whom He showers His benediction. | ਗੁਰੂ ਜੀ ਫੁਰਮਾਉਂਦੇ ਹਨ, ਸਾਹਿਬ ਇਹ ਵਸਤੂ ਉਸ ਨੂੰ ਦਿੰਦਾ ਹੈ, ਜਿਸ ਉਤੇ ਉਹ ਆਪਣੀ ਰਹਿਮਤ ਧਾਰਦਾ ਹੈ। |
| ਜਗ ਮਹਿ ਉਤਮ ਕਾਢੀਅਹਿ ਵਿਰਲੇ ਕੋਈ ਕੋਈ ॥੧॥ | Rare, very rare indeed are such persons, who are said to be good men, in the world. | ਥੋੜੇ, ਸਚ ਮੁਚ ਬਹੁਤ ਹੀ ਥੋੜੇ ਐਸੇ ਪੁਰਸ਼ ਹਨ ਜੋ ਜਹਾਨ ਅੰਦਰ ਨੇਕ-ਬੰਦੇ ਆਖੇ ਜਾਂਦੇ ਹਨ। |

| ਗੁਜਰੀ ਮਹਲਾ ੫ ॥ | **Gujri 5th Guru.** | ਗੁਜਰੀ ਪੰਜਵੀਂ ਪਾਤਿਸ਼ਾਹੀ। |
|---|---|---|
| ਜਿਸੁ ਸਿਮਰਤ ਸਭਿ ਕਿਲਵਿਖ ਨਾਸਹਿ ਪਿਤਰੀ ਹੋਇ ਉਧਾਰੋ ॥ | By remembering whom all the sins are obliterated and the ancestors are saved. | ਜਿਸ ਦਾ ਚਿੰਤਨ ਕਰਨ ਦੁਆਰਾ ਸਾਰੇ ਪਾਪ ਨਸ਼ਟ ਹੋ ਜਾਂਦੇ ਹਨ ਅਤੇ ਵੱਡੇ ਵਡੇਰਿਆਂ ਦਾ ਪਾਰ ਉਤਾਰਾ ਹੋ ਜਾਂਦਾ ਹੈ। |
| ਸੋ ਹਰਿ ਹਰਿ ਤੁਮ ਸਦ ਹੀ ਜਾਪਹੁ ਜਾਕਾ ਅੰਤੁ ਨ ਪਾਰੋ ॥੧॥ | Ever meditate thou on that Lord God, who has no end or limit. | ਤੂੰ ਸਦੀਵ ਹੀ ਉਸ ਸਵਾਮੀ ਵਾਹਿਗੁਰੂ ਦਾ ਅਰਾਧਨ ਕਰ, ਜਿਸ ਦਾ ਕੋਈ ਅਖੀਰ ਜਾਂ ਹੱਦ-ਬੰਨਾ ਨਹੀ। |
| ਪੂਤਾ ਮਾਤਾ ਕੀ ਆਸੀਸ ॥ | O Son, this is thy mother's blessing. | ਹੇ ਪੁੱਤ੍ਰ ਇਹ ਤੇਰੀ ਅੰਮੜੀ ਦੀ ਅਸ਼ੀਰਵਾਦ ਹੈ। |
| ਨਿਮਖ ਨ ਬਿਸਰਉ ਤੁਮਕਉ ਹਰਿ ਹਰਿ ਸਦਾ ਭਜਹੁ ਜਗਦੀਸ ॥੧॥ | Mayest thou forget not Lord God, even for a moment and ever remember the Lord of Universe. | ਇਕ ਮੁਹਤ ਲਈ ਭੀ ਤੈਨੂੰ ਵਾਹਿਗੁਰੂ ਸਵਾਮੀ ਨਾ ਭੁੱਲੇ ਅਤੇ ਤੂੰ ਹਮੇਸ਼ਾ ਹੀ ਸ੍ਰਿਸ਼ਟੀ ਦੇ ਸੁਆਮੀ ਦਾ ਸਿਮਰਨ ਕਰਦਾ ਰਹੇਂ। |
| ਰਹਾਉ ॥ | Pause. | ਠਹਿਰਾਉ। |
| ਸਤਿਗੁਰੁ ਤੁਮਕਉ ਹੋਇ ਦਇਆਲਾ ਸੰਤ ਸੰਗਿ ਤੇਰੀ ਪ੍ਰੀਤਿ ॥ | May the True Guru, be kind unto thee and mayest thou imbibe love for the saints' society. | ਸੱਚੇ ਗੁਰੂ ਜੀ ਤੇਰੇ ਤੇ ਮਹਿਰਬਾਨ ਹੋਣ ਅਤੇ ਸਾਧ ਸੰਗਤ ਨਾਲ ਤੇਰਾ ਪਿਆਰ ਪੈ ਜਾਵੇ। |
| ਕਾਪੜੁ ਪਤਿ ਪਰਮੇਸਰੁ ਰਾਖੀ ਭੋਜਨੁ ਕੀਰਤਨੁ ਨੀਤਿ ॥੨॥ | May the preservation of thy honour by the Lord be thy raiment and singing of His praises the thy daily food. | ਪ੍ਰਭੂ ਦਾ ਤੇਰੀ ਇੱਜ਼ਤ ਆਬਰੂ ਬਚਾਉਣਾ ਤੇਰੀ ਪੁਸ਼ਾਕ ਹੋਵੇ ਅਤੇ ਉਸਦਾ ਜਸ ਗਾਇਨ ਕਰਨਾ ਤੇਰੀ ਹਰ ਰੋਜ਼ ਦੀ ਖੁਰਾਕ ਹੋਵੇ। |
| ਅੰਮ੍ਰਿਤ ਪੀਵਹੁ ਸਦਾ ਚਿਰੁ ਜੀਵਹੁ ਹਰਿ ਸਿਮਰਤ ਅਨਦ ਅਨੰਤਾ ॥ | Ever quaff the Nectar of God's Name. Mayest thou live long and may the meditation of God afford thee endless delight. | ਸਦੀਵ ਹੀ ਰੱਬ ਦੇ ਨਾਮ ਦਾ ਸੁਧਾਰਸ ਪਾਨ ਕਰਦਾ ਰਹੁ। ਰੱਬ ਕਰੇ ਤੂੰ ਦੇਰ ਤਾਈਂ ਜਿਊਂਦਾ ਰਹੇਂ ਅਤੇ ਵਾਹਿਗੁਰੂ ਦਾ ਸਿਮਰਨ ਤੈਨੂੰ ਬੇਅੰਤ ਖੁਸ਼ੀ ਪ੍ਰਦਾਨ ਕਰੇ। |

| | | |
|---|---|---|
| ਰੰਗ ਤਮਾਸਾ ਪੂਰਨ ਆਸਾ ਕਬਹਿ ਨ ਬਿਆਪੈ ਚਿੰਤਾ ॥੩॥ | May joy and playful pleasures be thine ; May thine hopes be realised and may thou never be worn by care. | ਤੈਨੂੰ ਖੁਸ਼ੀ ਤੇ ਖੁਸ਼ੀ ਭਰੀਆਂ ਖੇਡਾਂ ਪ੍ਰਾਪਤ ਹੋਣ, ਤੇਰੀਆਂ ਉਮੈਦਾਂ ਬਰ ਆਉਣ ਅਤੇ ਤੈਨੂੰ ਕਦਾਚਿਤ ਫਿਕਰ ਨਾ ਹੋਵੇ। |
| ਭਵਰੁ ਤੁਮਾਰਾ ਇਹੁ ਮਨੁ ਹੋਵਉ ਹਰਿ ਚਰਣਾ ਹੋਹੁ ਕਉਲਾ ॥ | Let this mind of thine become the bumble-bee and God's Feet be the lotus flower. | ਤੇਰਾ ਇਹ ਮਨੂਆ ਭਉਰਾ ਹੋਵੇ ਅਤੇ ਵਾਹਿਗੁਰੂ ਦੇ ਪੈਰ ਕਮਲ ਫੁੱਲ ਹੋਣ। |
| ਨਾਨਕ ਦਾਸੁ ਉਨ ਸੰਗਿ ਲਪਟਾਇਓ ਜਿਉ ਬੂੰਦਹਿ ਚਾਤ੍ਰਿਕੁ ਮਉਲਾ ॥੪॥੩॥੪॥ | Says slave Nanak, attach thy mind to them and happily bloom like the pied-cuckoo on finding the rain-drop. | ਗੋਲਾ ਨਾਨਕ ਆਖਦਾ ਹੈ, ਆਪਣੇ ਮਨ ਨੂੰ ਉਨਾਂ ਨਾਲ ਜੋੜ ਅਤੇ ਪਪੀਹੇ ਦੇ ਮੀਂਹ ਦੀ ਕਣੀ ਪ੍ਰਾਪਤ ਕਰਨ ਦੀ ਮਾਨੰਦ ਖੁਸ਼ੀ ਨਾਲ ਖਿੜ। |

## ਸੰਗੀਤ ਬੁਝਾਰਤ -1




***ਖੱਬੇ ਤੋਂ ਸੱਜੇ***

1. ਸਤ ਸੁਰਾਂ ਦਾ ਨਾਮ (4)
2. ਪੰਜਵੇਂ ਸੁਰ ਦਾ ਨਾਮ (3)
3. ਰਾਤ ਨੂੰ ਗਾਇਆ ਜਾਣ ਵਾਲਾ ਰਾਗ (4)
4. ਗੁਰੂ ਗ੍ਰੰਥ ਸਾਹਿਬ ਗਿਆਰਵਾਂ ਰਾਗ (4)
5. ਨਗਾਰੇ ਦੀ ਅਵਾਜ਼ (3)

***ਉਪਰੋਂ ਹੇਠਾਂ***

1. ਪ੍ਰਸਿੱਧ ਰਾਗੀ, ਸਾਗਰ (3)
6. ਤਬਲੇ ਦਾ ਲਕੜੀ ਦਾ ਇਕ ਅੰਗ (2)
7. ਚੌਥੇ ਸੁਰ ਦਾ ਨਾਮ (3)
8. ਗੁਰੂ ਗ੍ਰੰਥ ਸਾਹਿਬ ਦੀ ਆਖਰੀ ਬਾਣੀ (4)
9. ਤਬਲੇ ਦਾ ਚਮੜੇ ਦਾ ਇਕ ਅੰਗ (3)
10. ਗੁਰੂ ਗ੍ਰੰਥ ਸਾਹਿਬ ਦਾ ਆਖਰੀ ਰਾਗ (4)
11. ਸ਼ੇਰ (2)

# ਆਓ ਕੁਝ ਕਰੀਏ

ੴ ਸਤਿਗੁਰ ਪ੍ਰਸਾਦਿ

*ਕੁਲਦੀਪ ਸਿੰਘ*

Tel # (718) 847-0135
Post Box No. 190082
South Richmond Hill
New York - 11419 (USA)

ਸਤਿਕਾਰਯੋਗ ਸਰਦਾਰ ਸਾਹਿਬ/ਭੈਣ ਜੀਓ,

ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ।

ਮਾਤਾ ਪਿਤਾ ਕਿਸੇ ਵੀ ਸਮਾਜ ਦਾ ਧੁਰਾ ਹੁੰਦੇ ਹਨ। ਜੇਕਰ ਮਾਤਾ ਪਿਤਾ ਆਪਣੇ ਫਰਜ਼ਾਂ ਤੋਂ ਅਨਜਾਣ ਹਨ ਤਾਂ ਉਹ ਪਰਵਾਰ ਕਦੇ ਵੀ ਸ਼ਕਤੀ ਸ਼ਾਲੀ ਤੇ ਸੰਤੁਲਤ ਨਹੀਂ ਹੋ ਸਕਦਾ। ਇਸ ਲਈ ਇਕ ਖੁਸ਼ਹਾਲ ਪਰਵਾਰ ਲਈ ਪਤੀ ਪਤਨੀ ਦਾ ਇਕ ਦੂਜੇ ਨੂੰ ਸਮਝਣਾ ਅਤੀ ਜ਼ਰੂਰੀ ਹੈ। ਜੇਕਰ ਉਹ ਇਕ ਦੂਸਰੇ ਪ੍ਰਤੀ ਸੁਹਿਰਦ ਹਨ ਤਾਂ ਉਹ ਸਹਿਜੇ ਹੀ ਇਕ ਮਜ਼ਬੂਤ ਪ੍ਰਵਾਰ ਦੀ ਨੀਂਹ ਰੱਖ ਸਕਣਗੇਂ। ਇਨ੍ਹਾਂ ਨੂੰ ਜੀਵਨ ਦਾ ਸਰਬ ਪੱਖੀ ਗਿਆਨ ਹੋਣਾ ਵੀ ਜ਼ਰੂਰੀ ਹੈ।

ਇਸ ਉਪਰੋਕਤ ਵਰਨਣ ਵਿਚਾਰ ਨੂੰ ਸਾਹਮਣੇ ਰੱਖਦਿਆਂ ਹੋਇਆ ਜੇਕਰ ਸਿੱਖ ਮਾਤਾ ਪਿਤਾ ਦੀ ਬਹੁ ਗਿਣਤੀ ਵੱਲ ਨਜ਼ਰ ਮਾਰੀ ਜਾਵੇ ਤਾਂ ਇਹ ਗੱਲ ਸਪਸ਼ਟ ਹੋ ਜਾਵੇਗੀ ਕਿ ਉਹ ਜੀਵਨ ਦਾ ਸਰਬ ਪੱਖੀ ਗਿਆਨ ਨਹੀਂ ਰੱਖਦੇ। ਇਸ ਨੂੰ ਸਾਹਮਣੇ ਰੱਖਦਿਆਂ ਹੋਇਆਂ ਹੀ ਇਕ ਅੰਤਰ ਰਾਸ਼ਟਰੀ ਸਿੱਖ ਮਾਤਾ ਪਿਤਾ ਕੌਂਸਲ ਦੀ ਸਥਾਪਨਾ ਕੀਤੀ ਜਾ ਰਹੀ ਹੈ।

ਇਸ ਸੰਸਥਾ ਦੇ ਉਦੇਸ਼ ਹੇਠ ਲਿਖੇ ਅਨੁਸਾਰ ਹੋ ਸਕਦੇ ਹਨ:-

1. ਸਿੱਖ ਪਤੀ ਪਤਨੀ ਨੂੰ ਸਰਬ ਪੱਖਾਂ ਤੋਂ ਗਿਆਨਵਾਨ ਤੇ ਸ਼ਕਤੀ ਸ਼ਾਲੀ ਬਨਾਉਣਾ।
2. ਸਿੱਖ ਮਾਤਾ ਪਿਤਾ ਨੂੰ ਬਹੁ ਪੱਖੀ ਗਿਆਨ ਦੇਂਦਿਆਂ ਹੋਇਆ ਸੰਤੁਲਤ ਤੇ ਤਾਕਤ ਵਰ ਬਨਾਉਣਾ।
3. ਸਿੱਖ ਪਤੀ ਪਤਨੀ ਤੇ ਮਾਤਾ ਪਿਤਾ ਲਈ ਯੋਗ ਸਾਹਿਤ ਦੀ ਸਿਰਜਣਾ, ਛਪਾਈ ਤੇ ਵਿਤਰਨ ਦਾ ਯੋਗ ਪ੍ਰਬੰਧ ਕਰਨਾ।
4. ਸਿੱਖ ਪਤੀ ਪਤਨੀ ਤੇ ਮਾਤਾ ਪਿਤਾ ਲਈ ਕੈਂਪਾਂ, ਸੈਮੀਨਾਰਾਂ, ਵਰਕਸ਼ਾਪਾਂ, ਯਾਤਰਾਵਾਂ ਆਦਿ ਦੇ ਪ੍ਰਬੰਧ ਦੇ ਨਾਲ ਨਾਲ ਸਿਖਲਾਈ ਕੇਂਦਰਾਂ ਤੇ ਲਾਇਬਰੇਰੀਆਂ ਆਦਿ ਦੀ ਸਥਾਪਨਾ ਵੀ ਕਰਨੀ।

ਸੋ ਆਪ ਕਿਰਪਾ ਕਰਕੇ ਸਿੱਖ ਮਾਤਾ ਪਿਤਾ ਕੌਂਸਲ ਦੇ ਮੈਂਬਰਾਂ ਤੇ ਸੇਵਾਦਾਰਾਂ ਲਈ ਯੋਗ ਸਿੰਘਾਂ ਸਿੰਘਣੀਆਂ ਦੇ ਪਤੇ ਤੇ ਘਰ ਦੇ ਟੈਲੀਫ਼ੂਨ ਨੰਬਰ ਪੰਦਰਾਂ ਦਿਨਾਂ ਦੇ ਅੰਦਰ ਅੰਦਰ ਭੇਜਣ ਦੀ ਖੇਚਲ ਕਰੋ। ਨਾਮ ਭੇਜਣ ਸਮੇਂ ਆਪ ਅੰਮ੍ਰਿਤਧਾਰੀ ਸਿੰਘਾਂ ਸਿੰਘਣੀਆਂ ਦੇ ਨਾਵਾਂ ਅੱਗੇ (ਅ) ਲਿਖਣ ਦੀ ਕਿਰਪਾ ਕਰਨੀ। ਇਸ ਦੇ ਨਾਲ ਹੀ ਇਸ ਸੰਸਥਾ ਦੇ ਉਦੇਸ਼ਾਂ ਬਾਰੇ ਆਪਣੇ ਕੀਮਤੀ ਸੁਝਾ ਦੇਣ ਦੀ ਖੇਚਲ ਕਰਨੀ।

ਈਮੇਲ ਦਾ ਪਤਾ skuldipsingh@hotmail.com

ਈਮੇਲ ਜਾਂ ਚਿੱਠੀ ਦਾ ਉੱਤਰ ਦੇਣ ਸਮੇਂ ਆਪਣਾ ਪੂਰਾ ਪਤਾ ਅਤੇ ਘਰ ਦਾ ਟੈਲੀਫ਼ੂਨ ਨੰਬਰ ਜ਼ਰੂਰ ਲਿਖਣ ਦੀ ਕਿਰਪਾ ਕਰਨੀ।

*ਸੰਗਤਾਂ ਦਾ ਦਾਸ*
*ਕੁਲਦੀਪ ਸਿੰਘ*